ਮਾਸਕ ਪੱਤ

ੴ

# ਸੂਰਾ

ਅੰਮ੍ਰਿਤਸਰ

ਸਿਧ ਤੰਤ੍ਰ ਮੰਤ੍ਰ ਕਰਿ ਝੜਿ ਪਏ ਸਬਦਿ ਗੁਰੂ ਕੇ ਕਲਾ ਛਪਾਈ ॥

ਗੁਰਦੁਆਰਾ ਦਮਦਮਾ ਸਾਹਿਬ, ਧੋਬੜੀ (ਆਸਾਮ)

ਮਈ ੧੯੮੩



MA 1983

ਇਥੇ ਸ੍ਰੀ ਗੁਰ ਤੇਗ ਬਹਾਦਰ ਸਾਹਿਬ ਜੀ ਨੇ ਜਾਦੂ ਟੂਣਿਆਂ ਵਿਚ ਫਸੀ ਲੁਕਾਈ ਨੂੰ ਸੱਚ ਦੇ ਮਾਰਗ ਤੇ ਪਾਇਆ

www.AKJ.Org

# ਤਤਕਰਾ


| | | |
|---|---|---|
| ਦ੍ਰਿੜ੍ਹਤਾ —— | ਸ. ਕਰਮ ਸਿੰਘ ਜੀ ਹਿਸਟੋਰੀਅਨ | ੩ |
| ਨੌਂ-ਖੰਡੀ ਝੰਡਾ ਝੂਲੇ ! ——- | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੪ |
| ਧਰਮ ਤੇ ਕੌਮ ਦੀ ਆਣ ਦਾ ਸਮਾਂ | ਸ: ਕਰਮ ਸਿੰਘ ਜੀ ਹਿਸਟੋਰੀਅਨ | ੫ |
| ਅੰਮ੍ਰਿਤਧਾਰੀ ਸਿੰਘ (ਕਵਿਤਾ) | ਸ. ਦਾਨ ਸਿੰਘ ਜੀ ਕੋਮਲ | ੬ |
| ਇਤਿਹਾਸ ਆਪਣੇ ਆਪ ਨੂੰ ਫਿਰ ਫਿਰ ਦੁਹਰਾਂਦਾ ਹੈ | ਸ. ਕਰਮ ਸਿੰਘ ਜੀ ਹਿਸਟੋਰੀਅਨ | ੭ |
| ਗੁਰਦਵਾਰਾ ਸ੍ਰੀ ਦਮਦਮਾ ਸਾਹਿਬ ਧੌਬੜੀ | ਗਿਆਨੀ ਬੇਅੰਤ ਸਿੰਘ ਜੀ ਅਚਿੰਤ | ੧੨ |
| ਰਹਿਤਨਾਮਿਆਂ ਵਿਚੋਂ ਮਿਲਾਵਟ ਕਢਣ ਦੀ ਲੋੜ (੨) | ਭਾਈ ਸਾਹਿਬ ਰਾਮ ਸਿੰਘ ਜੀ | ੧੬ |
| ਸ਼ਹੀਦ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਜੀ | ਸ. ਮੋਹਨ ਸਿੰਘ ਜੀ | ੨੧ |
| ਅੰਦਰ ਝਾਤੀ ਮਾਰ ਅਤੇ ਸੁੰਦਰ ਦਰਸ਼ਨ ਕਰ | ਪ੍ਰੋਫੈਸਰ ਸਾਹਿਬ ਸਿੰਘ ਜੀ ਡੀ.ਲਿਟ. | ੨੪ |
| ਸਿਮਰਨ ——— | ਸ. ਜਸਵੰਤ ਸਿੰਘ ਜੀ | ੨੬ |
| ਨਾ ਹਮ ਹਿੰਦੂ ਨ ਮੁਸਲਮਾਨ | ਸ. ਮਦਨ ਸਿੰਘ ਜੀ ਯੂ. ਕੇ. | ੩੧ |
| ਅਵਰ ਉਪਦੇਸੈ ਆਪਿ ਨ ਕਰੈ | ਸ. ਅਮਰਜੀਤ ਸਿੰਘ ਜੀ | ੩੭ |
| ਗੁਰਮੁਖ ਰੂਹਾਂ ਦੀ ਸਦੀਵੀ ਯਾਦ | ਜਥੇਦਾਰ ਅਖੰਡ ਕੀਰਤਨੀ ਜਥਾ | ੩੮ |
| ਪੰਥਕ ਖ਼ਬਰਾਂ | ਅਖਬਾਰਾਂ ਦੀ ਜ਼ਬਾਨੀ | ੩੯ |
| ਨਾਮ ਬਾਣੀ ਦੀ ਸਾਧਨਾ ਦੁਆਰਾ ਅਰੋਗਤਾ | ——— | ੪੧ |


ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਵਤਾਰ ਧਾਰਿਆ ੨ ਮਈ
ਸ੍ਰੀ ਗੁਰੂ ਅੰਗਦ ਸਾਹਿਬ ਅਵਤਾਰ ਧਾਰਿਆ ੧੩ ਮਈ
ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ ਧਾਰਿਆ ੪ ਮਈ
ਸ੍ਰੀ ਗੁਰੂ ਅਮਰਦਾਸ ਜੀ ਅਵਤਾਰ ਧਾਰਿਆ ੨੫ ਮਈ

## ਕੁਮਾਰਹੱਟੀ (ਸ਼ਿਮਲਾ) ਵਿਖੇ ਸਾਲਾਨਾ ਸ੍ਰੀ ਅਖੰਡ ਪਾਠ ਤੇ ਕੀਰਤਨ ਪ੍ਰੋਗਰਾਮ

ਭਾਈ ਸਾਹਿਬ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਤੋਂ ਸੂਚਿਤ ਕਰਦੇ ਹਨ ਕਿ ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਗਰਮੀਆਂ ਦੇ ਨਿਵਾਸ-ਅਸਥਾਨ ਕੁਮਾਰਹੱਟੀ ਗੁਰਦਵਾਰਾ ਤਪੋ-ਬਨ ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ ਹੇਠ ਲਿਖੇ ਅਨੁਸਾਰ ਹੋ ਰਹੇ ਹਨ—

੩ ਜੂਨ ਸ਼ੁਕਰਵਾਰ ਅੰਮ੍ਰਿਤ ਵੇਲੇ ਨਾਮ ਅਭਿਆਸ, ਨਿਤਨੇਮ ਤੇ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ
ਸ਼ਾਮ ਸੋਦਰ ਤੇ ਅਖੰਡ ਕੀਰਤਨ

੪ ਜੂਨ ਸ਼ਨੀਵਾਰ ਅੰਮ੍ਰਿਤ ਵੇਲੇ ਨਾਮ ਅਭਿਆਸ, ਨਿਤਨੇਮ ਤੇ ਆਸਾ ਦੀ ਵਾਰ ਦੇ ਕੀਰਤਨ
ਸ਼ਾਮ ਸੋਦਰ ਤੇ ਅਖੰਡ ਕੀਰਤਨ

੫ ਜੂਨ ਐਤਵਾਰ ਸਵੇਰੇ ਨਿਤਨੇਮ, ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਅਖੰਡ ਕੀਰਤਨ

ਨੋਟ :—ਕੁਮਾਰ ਹੱਟੀ ਕਾਲਕਾ-ਸ਼ਿਮਲਾ ਲਾਈਨ ਤੇ ਰੇਲਵੇ ਸਟੇਸ਼ਨ ਹੈ।

## ਪਿੰਡ ਮੁਲਾਂਪੁਰ (ਲੁਧਿਆਣਾ) ਗੁਰਦਵਾਰਾ ਮਸ਼ਕਿਆਣਾ ਵਿਖੇ ਰੈਣ ਸਬਾਈ ਕੀਰਤਨ

ਭਾਈ ਮੋਹਣ ਸਿੰਘ ਜੌਹਲ ਐਂਟਰਪ੍ਰਾਈਜ਼ ਸੂਚਨਾ ਦਿੰਦੇ ਹਨ ਕਿ ੧੪ ਮਈ ਸ਼ਨੀਵਾਰ ਦੀ ਰਾਤ ਨੂੰ ਕੀਰਤਨ ਹੋ ਰਹੇ ਹਨ।

## ਵੈਸਾਖੀ ਸਮਾਗਮ ਸਮੇਂ ਲਭੀਆਂ ਗੁਆਚੀਆਂ ਵਸਤੂਆਂ

ਇਕ ਹੱਥ-ਘੜੀ ਗੁਆਚੀ ਪੁਜ ਗਈ ਹੈ। ਅੰਮ੍ਰਿਤ-ਸਮਾਗਮ ਅਸਥਾਨ ਤੋਂ ਇਕ ਬਿਸਤਰੇ ਦੀ ਚਾਦਰ ਤੇ ਕੁਝ ਪੀਲੀਆਂ ਕੇਸਕੀਆਂ ਮਿਲੀਆਂ ਹਨ। ਇਹ ਲੈ ਜਾਓ। ਇਕ ਨਵੀਂ ਛਤਰੀ ਰੇਸ਼ਮੀ ਕਪੜੇ ਤੇ ਪਲਾਸਟਿਕ ਦੀ ਮੁੜਵੀਂ ਮੁੱਠ ਵਾਲੀ ਭੁਲੇਖੇ ਨਾਲ ਕਿਸੇ ਸਜਣ ਪਾਸ ਚਲੀ ਗਈ ਹੈ। ਪਤਾ ਦਿਓ ਜੀ।

**ਥਾਂ ਦੀ ਤੰਗੀ ਕਾਰਨ 'ਸੂਰਾ' ਨੂੰ ਪੁਜੀ ਸਹਾਇਤਾ ਅਗਲੇ ਮਹੀਨੇ ਦਿਤੀ ਜਾਵੇਗੀ।**


ਲਾਕਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨-੫-੮੩ ਨੂੰ ਪ੍ਰਕਾਸ਼ਤ ਕੀਤਾ

ਟੈਲੀਫੋਨ ਨੰਬਰ : 51847 ਘਰ 43094


www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

**ਪਰਦੇਸ**

ਸਮੁੰਦਰੀ ਡਾਕ ੩੦-੦੦

ਹਵਾਈ ਡਾਕ

ਅਰਬ, ਮਲਾਇਆ ੪੫-੦੦
ਯੂ. ਕੇ., ਅਫਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦

**ਅਮਾਨਤੀ**

**ਲਾਈਫ ਮੈਂਬਰ**

ਦੇਸ ੧੫੦–੦੦
ਪਰਦੇਸ ੩੦੦–੦੦

ਹਵਾਈ ਡਾਕ

ਯੂ. ਕੇ. ਅਫਰੀਕਾ ੬੫੦–੦੦
ਕੈਨੇਡਾ, ਅਮਰੀਕਾ ੭੦੦–੦੦
ਅਰਬ ਮਲਾਇਆ ੫੦੦–੦੦

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੭ ਮਈ ੧੯੮੩ ਅੰਕ ੫


## ਦ੍ਰਿੜ੍ਹਤਾ

ਕਿਸੇ ਕੰਮ ਨੂੰ ਪੂਰਾ ਕਰਨ ਦਾ ਸੰਕਲਪ ਕਰਨਾ ਅਤੇ ਫੇਰ ਸੌ ਔਕੜਾਂ ਦੇ ਹੁੰਦਿਆਂ ਸੁੰਦਿਆਂ ਵੀ ਉਸ ਨੂੰ ਪੂਰਾ ਕਰ ਕੇ ਛਡਣਾ, ਇਹ ਦ੍ਰਿੜ੍ਹਤਾ ਹੈ। ਅਤੇ ਇਹ ਐਸਾ ਗੁਣ ਹੈ ਕਿ ਇਸ ਤੋਂ ਬਿਨਾਂ ਕੋਈ ਕੌਮ ਜੀਊਂਦੀ ਨਹੀਂ ਰਹਿ ਸਕਦੀ।

ਸਿਖ ਕੌਮ ਵਿਚ ਦ੍ਰਿੜ੍ਹਤਾ ਬਹੁਤ ਵਧ ਕੇ ਹੈ। ਕਹਾਵਤ ਹੈ ਕਿ ਜਿਸ ਕੰਮ ਨੂੰ ਸਿਖ ਹੱਥ ਪਾ ਲੈਣਗੇ, ਉਸ ਨੂੰ ਪੂਰਾ ਕਰਕੇ ਹੀ ਛਡਣਗੇ। ਸਿੰਘਾਂ ਨੇ ਕਹਿਆ ਸੀ ਕਿ ਅਸੀਂ ਮੁਗਲਾਂ ਦੀ ਸਫ਼ਾ ਵਲ੍ਹੇਟ ਦੇਣੀ ਹੈ। ਮੁਗ਼ਲਾਂ ਹਥੋਂ ਸਿੰਘਾਂ ਨੇ ਚਾਲੀ ਸਾਲ ਕਸ਼ਟ ਝਲੇ, ਪਰ ਅੰਤ ਨੂੰ ਮੁਗਲਾਂ ਦੀ ਸਫ਼ਾ ਵਲ੍ਹੇਟ ਹੀ ਦਿਤੀ। ਸਿੰਘਾਂ ਨੇ ਪ੍ਰਣ ਕੀਤਾ ਸੀ ਕਿ ਅਸਾਂ ਸਰਹਿੰਦ ਦੀ ਇੱਟ ਇੱਟ ਕਰ ਦੇਣੀ ਹੈ। ਲੋਕੀ ਆਖਦੇ ਸਨ ਕਿ ਇਹ ਬਾਵਰਿਆਂ ਵਾਲੀਆਂ ਗੱਲਾਂ ਹਨ। ਪਰ ਸਿੰਘਾਂ ਨੇ ਐਸੀ ਦ੍ਰਿੜ੍ਹਤਾ ਫੜੀ ਕਿ ਅੰਤ ਸਰਹਿੰਦ ਨੂੰ ਉਜਾੜ ਕੇ ਹੀ ਹਟੇ।

ਜਿਸ ਕੌਮ ਵਿਚ ਐਸੀ ਦ੍ਰਿੜ੍ਹਤਾ ਹੋਵੇ ਉਹ ਕੌਮ ਜੋ ਵੀ ਸੰਕਲਪ ਧਾਰੇਗੀ, ਉਸ ਨੂੰ ਜ਼ਰੂਰ ਪੂਰਿਆਂ ਕਰ ਲਵੇਗੀ। ਐਸੀ ਕੌਮ ਦੀ ਦ੍ਰਿੜ੍ਹਤਾ ਵਿਚ ਸਤਿਗੁਰੂ ਆਪ ਬਰਕਤ ਪਾਇਆ ਕਰਦੇ ਹਨ।

—"ਅਮਰ ਖਾਲਸਾ" ਕ੍ਰਿਤ ਸ: ਕਰਮ ਸਿੰਘ ਹਿਸਟੋਰੀਅਨ




www.AKJ.Org

# ਨੌਂ-ਖੰਡੀ ਝੰਡਾ ਝੂਲੇ !

## ਸੱਚੇ ਪਾਤਸ਼ਾਹ ਜੀ ਦਾ ਨੌਂ-ਖੰਡੀ ਝੰਡਾ ਝੂਲੇਗਾ, ਝੂਲ ਕੇ ਰਹੇਗਾ

[ਗੁਰਪੁਰੀ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

### ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ ॥

ਅਸਲ ਵਿਚ ਭਗਉਤੀ ਅਤੇ ਖੰਡੇ ਵਿਚ ਕੋਈ ਫ਼ਰਕ ਨਹੀਂ ਹੈ। ਪਹਿਲੇ ਭਗਉਤੀ ਦਾ ਅਰਥ "ਪ੍ਰਿਥਮ ਭਗਉਤੀ ਸਿਮਰ ਕੈ" ਖੰਡੇ ਦਾ ਹੀ ਹੈ। ਸੱਚੇ ਪਾਤਸ਼ਾਹ ਨੇ ਭਗਉਤੀ ਰੂਪੀ ਖੰਡਾ ਸਾਜ ਕੇ ਹੀ ਦੈਂਤਾਂ ਦਾ ਨਾਸ ਕਰਾਇਆ। ਨਹੀਂ ਤਾਂ ਬਪੁੜੀ ਦੁਰਗਾ ਵਿਚ ਕੁਝ ਸਮਰਥਾ ਹੈ ਨਹੀਂ ਸੀ। ਉਨ੍ਹਾਂ ਨੂੰ ਨਾਸ ਕਰਾਵਣਹਾਰ ਸੱਚੇ ਪਾਤਸ਼ਾਹ ਦਾ ਖੰਡਾ ਹੀ ਸੀ।

ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ ॥<br>
ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ ॥<br>
ਸਿੰਧ ਪਰਬਤ ਮੇਦਨੀ ਬਿਨੁ ਥੰਮਾਂ ਗਗਨਿ ਰਹਾਇਆ ॥<br>
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ॥<br>
ਤੈਂ ਹੀ ਦੁਰਗਾ ਸਾਜਿ ਕੈ ਦੈਂਤਾਂ ਦਾ ਨਾਸ ਕਰਾਇਆ ॥<br>
ਤੈਥੋਂ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਿਸਿਰੁ ਘਾਇਆ ॥<br>
ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸ ਕੇਸੀਂ ਪਕੜਿ ਗਿਰਾਇਆ ॥<br>
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ ॥<br>
ਕਿਨੀ ਤੇਰਾ ਅੰਤ ਨ ਪਾਇਆ ॥੨॥ —ਚੰਡੀ ਦੀ ਵਾਰ, ਪਾ: ੧੦

ਸੱਚੇ ਪਾਤਸ਼ਾਹ ਦੇ ਖੰਡੇ ਦਾ ਭਾਵ ਅਤਿ ਵਡੇ ਵਡੇ ਦੇਵਤੇ ਨਹੀਂ ਲੈ ਸਕੇ। ਸੋਈ ਖੰਡਾ "ਪ੍ਰਥਮ ਭਗਉਤੀ" ਦੇ ਅਰਥ ਵਿਚ ਹੈ। ਤਾਂਤੇ ਪਹਿਲੀ ਭਗਉਤੀ ਦਾ ਅਰਥ ਸਾਫ਼ ਖੰਡਾ ਹੈ, ਜੋ ਜ਼ਰੂਰ ਖੜਕ ਕੇ ਰਹੇਗਾ। ਉਹ ਜੋ ਭਸੌੜੀਏ "ਪ੍ਰਿਥਮ ਭਗਉਤੀ" ਦਾ ਅੰਰਥ ਕਰਦੇ ਹਨ, ਉਹ ਬਿਲਕੁਲ ਅਨਰਥ ਹੈ। ਸਤਿਨਾਮ ਵਾਹਿਗੁਰੂ ! ਵਾਹਿਗੁਰੂ ਦਾ ਵਿਸ਼ੇਸ਼ਣ ਸਤਿਨਾਮ ਹੈ। ਭਗਉਤੀ ਦਾ ਅਰਥ "ਪ੍ਰਿਥਮ ਭਗਉਤੀ" ਦੇ ਅਰਥਾਂ ਵਿਚ ਤਦੇ ਫਬਦਾ ਹੈ ਕਿ ਸੱਚੇ ਪਾਤਸ਼ਾਹ ਦਸਮੇਸ਼ ਗੁਰੂ ਦੇ ਫਬਾਇਆ ਫਬਦਾ ਹੈ। ਇਸ ਭਗਉਤੀ ਦੇ ਅਰਥ ਖੰਡਾ ਲਏ ਜਾਣ। ਗੁਰੂ ਦਸ਼ਮੇਸ਼ ਜੀ ਦਾ ਸਾਜਿਆ ਖੰਡਾ ਵਾਹਿਗੁਰੂ ਦਾ ਨਾਮ ਹੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਏਸੇ ਖੰਡੇ "ਵਾਹਿਗੁਰੂ" ਨਾਮ ਨੂੰ ਧਿਆਇਆ। "ਪ੍ਰਿਥਮ ਭਗਉਤੀ ਸਿਮਰ ਕੈ ਗੁਰੂ ਨਾਨਕ ਲਈ ਧਿਆਇ"। ਬਾਕੀ ਦਾ ਸ਼ਬਦ-ਅਰਥ ਇਸੇ ਵੀਚਾਰ ਨਾਲ ਵੀਚਾਰੋ, "ਪ੍ਰਿਥਮ ਭਗਉਤੀ ਸਿਮਰ ਕੈ" ਦਾ ਹੀ ਹੈ। ਬਪੁੜੀ ਦੁਰਗਾ ਅਤੇ ਸ੍ਰੀ ਰਾਮ ਚੰਦਰ ਤੇ ਸ੍ਰੀ ਕ੍ਰਿਸ਼ਨ ਆਦਿਕ ਦੀ ਕੀ ਪ੍ਰੋਖੋਂ ਸੀ ਕਿ ਆਪੋਂ ਹੀ ਉਹ ਕੁਝ ਕਰ ਸਕਦੇ। ਇਹ ਗੁਰੂ ਦਸਮੇਸ਼ ਜੀ ਦੇ ਵਾਹਿਗੁਰੂ ਨਾਮ ਰੂਪੀ ਖੰਡੇ ਦਾ ਪ੍ਰਤਾਪ ਹੀ ਸੀ ਜਿਸ ਨੇ ਸਭ ਕਲਾ ਵਰਤਾਈ।

ਤਾਂਤੇ ਭਗਉਤੀ ਦਾ ਅਰਥ ਗੁਰ ਦਸਮੇਸ਼ ਜੀ ਦੇ ਦਰਸਾਏ ਅਰਥਾਂ ਵਿਚ ਨਿਰਾ ਨਾਮ ਰੂਪੀ ਖੰਡਾ ਹੀ ਹੈ, ਜੋ ਅਵੱਸ਼ ਝੂਲੇਗਾ ਅਤੇ ਝੂਲ ਕੇ ਰਹੇਗਾ। ਇਹ ਕੇਵਲ ਨਾਮ ਰੂਪੀ ਸੱਚੀ ਭਗਉਤੀ ਮਈ ਖੰਡੇ ਦਾ ਪ੍ਰਤਾਪ ਹੀ ਸੀ, ਜਿਸ ਨੇ ਦੁਰਗਾ ਆਦਿਕ ਬਪੁੜੀ ਨੂੰ ਸੱਚਾ ਬਲ ਬਖਸ਼ਿਆ। ਭਗਉਤੀ ਦੇ ਅਰਥਾਂ ਵਿਚ ਦੂਜੀ ਭਗਉਤੀ ਦੇਵੀ ਕੋਈ ਮਾਅਨੇ ਨਹੀਂ ਰਖਦੀ। ਕੀ ਦੁਰਗਾ ਨੇ ਸੱਚੇ ਖੰਡੇ ਦੇ ਨਾਮ ਦਾ ਬਲ ਹੁੰਦਿਆਂ ਹੋਇਆਂ ਦੂਜੀ



www.AKJ.Org

ਭਗਉਤੀ "ਸ੍ਰੀ ਸਾਹਿਬ" ਹੱਥ ਵਿਚ ਲਈ ? ਕਦਾਚਿੱਤ ਨਹੀਂ। ਬਲਕਿ ਸ੍ਰੀ ਦਸਮੇਸ਼ ਪਾਤਸ਼ਾਹ ਦਾ ਬਲ-ਬੋਤਾ ਬਖ਼ਸ਼ੇ ਹੋਏ ਵਾਹਿਗੁਰੂ ਨਾਮ ਖੰਡੇ ਨੂੰ ਹੀ ਪ੍ਰਿਥਮ ਭਗਉਤੀ ਦਾ ਵਰ ਬਖ਼ਸ਼ਿਆ।

"ਲਈ ਭਗਉਤੀ ਦੁਰਗਸ਼ਾਹ"* ਦਾ ਅਰਥ ਹੀ ਕੋਈ ਨਹੀਂ ਰਹਿੰਦਾ। ਦਸਮੇਸ਼ ਸਾਹਿਬ ਜੀ ਦੇ ਗੁਰ-ਅਰਥਾਂ ਵਿਚ ਹੋਰ ਕੋਈ ਭਗਉਤੀ ਨਾਮ ਕਿਸ ਤਰ੍ਹਾਂ ਹੋ ਸਕਦੀ ਹੈ। ਤਾਂਤੇ "ਲਈ ਭਗਉਤੀ ਦੁਰਗਸ਼ਾਹ" ਐਵੇਂ ਕਹਾਵਤੀ ਹੋ ਜਾਂਦੀ ਹੈ। ਸ੍ਰੀ ਦਸਮੇਸ਼ ਪਾਤਸ਼ਾਹ ਦੇ ਅਰਥਾਂ ਵਿਚ ਬਖ਼ਸ਼ੀ ਹੋਈ ਭਗਉਤੀ ਨਾਮ ਰੂਪੀ ਭਗਉਤੀ ਹੀ ਹੈ। ਭਗਉਤੀ ਦੇ ਅਰਥਾਂ ਵਿਚ ਭਗਉਤੀ ਦੇਵੀ ਸ੍ਰੀ ਸਾਹਿਬ ਭਗਉਤੀ ਦੇ ਨਹੀਂ। ਭਸੌੜੀਆਂ ਦੀ ਫਜ਼ੂਲ ਜਿਹੀ ਕਾਢ ਹੈ।

ਭਗਉਤੀ ਨੇ "ਸ੍ਰੀ ਸਾਹਿਬ" ਭਗਉਤੀ ਕੀ ਫੜਨੀ ਸੀ। ਇਹ ਸਭ ਚਲਿਤ ਰਚਾਇਆ ਸ੍ਰੀ ਦਸਮੇਸ਼ ਜੀ ਨੇ, ਜਿਸ ਤਰ੍ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਕਾ ਫੇਰ ਕੇ ਜ਼ਾਹਰ ਕਲਾ ਵਰਤਾਈ। ਅੱਜ ਕੱਲ੍ਹ ਦੇ ਨਵੀਨ ਕਾਢੂ ਇਹੋ ਕਹਿੰਦੇ ਹਨ, ਬੜੇ ਬੜੇ ਗਿਆਨੀ ਇਹੋ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਮੱਕਾ ਨਹੀਂ ਫੇਰਿਆ, ਲੋਕਾਂ ਦੇ ਦਿਲ ਫੇਰ ਦਿੱਤੇ। ਇਸ ਗੱਲ ਨੂੰ ਨਵੀਂ ਰੋਸ਼ਨੀ ਵਾਲੇ ਛੇਤੀ ਕਬੂਲ ਕਰ ਲੈਂਦੇ ਹਨ। ਸ੍ਰੀ ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਦਿਲ ਆਦਿ ਨਹੀਂ ਫੇਰੇ, ਮੱਕਾ ਫੇਰ ਦਿਤਾ ਤੇ ਹੁਣ ਤਕ ਫਿਰਿਆ ਹੋਇਆ ਹੈ, ਤੇ ਜ਼ਾਹਰ ਕਲਾ ਦਿਸ ਰਹੀ ਹੈ। ਗੁਰੂ ਨਾਨਕ ਸਾਹਿਬ ਦਾ ਰਾਜ ਨਵਾਂ ਖੰਡਾਂ ਵਿਚ ਫੈਲ ਰਿਹਾ ਹੈ ਅਤੇ ਹੁਣ ਤਕ ਫੈਲ ਰਿਹਾ ਹੈ, ਕਿਸੇ ਦਾ ਹਟਾਇਆ ਨਹੀਂ ਹਟ ਸਕਦਾ। ਇਸੇ ਤਰ੍ਹਾਂ ਗੁਰੂ ਦਸਮੇਸ਼ ਜੀ ਦਾ ਦਰਸਾਇਆ ਖੰਡਾ ਨਵਾਂ ਖੰਡਾਂ ਵਿਚ ਝੁਲੇਗਾ ਅਤੇ ਕਿਸੇ ਦਾ ਮਿਟਾਇਆ ਨਹੀਂ ਮਿਟ ਸਕਦਾ। ਦ੍ਰਿਸ਼ਟ ਕੂੰਟ ਦਾ ਲੱਖਣ ਗੁਰੂ ਨਾਨਕ ਦਸਮੇਸ਼ ਜੀ ਹੀ ਲਾ ਸਕਦੇ ਹਨ ਕਿ ਕਦੋਂ ਇਹ ਖੰਡਾ ਵਰਤੇਗਾ। ਸਾਡੇ ਪਾਸ ਤਾਂ ਇਨ੍ਹਾਂ ਸ਼ਬਦਾਂ ਦੀ ਰੋਸ਼ਨੀ ਵਿਚ ਹੀ ਇਹ ਸਬੂਤ ਕਾਫ਼ੀ ਹੈ ਕਿ ਨੌਂ-ਖੰਡੀ ਝੰਡਾ ਸ੍ਰੀ ਦਸਮੇਸ਼ ਜੀ ਦਾ ਜ਼ਰੂਰ ਵਰਤੇਗਾ ਅਤੇ ਐਸਾ ਵਰਤੇਗਾ ਕਿ ਇਕ ਦਿਨ ਦੁਨੀਆ ਯਾਦ ਕਰੇਗੀ। ਵਰਤਦਾ ਕਦੋਂ ਹੈ ਅਤੇ ਕਿਸ ਘੜੀ, ਇਸ ਗੱਲ ਦਾ ਟੀਚਾ ਗੁਰੂ ਨਾਨਕ ਦਸਮੇਸ਼ ਸੱਚੇ ਪਾਤਸ਼ਾਹ ਹੀ ਲਾ ਸਕਦੇ ਹਨ। ਸਾਨੂੰ ਤਾਂ ਇਤਨਾ ਯਕੀਨ ਹੀ ਕਾਫ਼ੀ ਹੈ ਕਿ ਖੰਡਾ ਜ਼ਰੂਰ ਵਰਤੇਗਾ ਅਤੇ ਨਵਾਂ ਖੰਡਾਂ ਵਿਚ ਵਰਤੇਗਾ।

* ਚੰਡੀ ਦੀ ਵਾਰ, ਪਉੜੀ ੫੩

["ਗੁਰਮਤਿ ਲੇਖ" ਵਿਚੋਂ

# ਧਰਮ ਤੇ ਕੌਮ ਦੀ ਆਣ ਦਾ ਸਮਾਂ

ਜਦ ਜਦ ਵੀ ਧਰਮ ਤੇ ਕੌਮ ਦੀ ਆਣ ਦਾ ਸਮਾਂ ਆਵੇਗਾ, ਜੋ ਵੀ ਗੁਰੂ ਕਾ ਸਿਖ ਹੋਵੇਗਾ, ਉਹ ਆਪਣੇ ਵੈਰ-ਵਿਰੋਧ ਮਿਟਾ ਕੇ ਮਾਫ਼ੀ ਮੰਗ ਕੇ ਪੰਥ ਦੇ ਨਾਲ ਰਲ ਜਾਵੇਗਾ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਕਰ ਦੇਵੇਗਾ। ਕੌਮੀ ਆਣ ਸਮੇਂ ਮਿਲਵਰਤਨੀਏ ਤੇ ਨਾ-ਮਿਲਵਰਤਨੀਏ ਇਕ ਹੋ ਜਾਣਗੇ ਅਤੇ ਕੋਈ ਸਿਖ ਪਿਛੇ ਨਹੀਂ ਰਹੇਗਾ।......

ਚੇਤੇ ਰਹੇ, ਭਾਵੇਂ ਕੋਈ ਮਿਲਵਰਤਨੀਆ ਹੋਵੇ, ਭਾਵੇਂ ਨਾ-ਮਿਲਵਰਤਨੀਆ, ਇਹ ਭੇਦ ਕੇਵਲ ਇਕ ਖ਼ਾਸ ਹੱਦ ਤੀਕ ਹੈ। ਜਦ ਧਰਮ ਤੇ ਕੌਮੀ ਆਣ ਦਾ ਸਮਾਂ ਆਵੇ ਤਾਂ ਇਹ ਦੋਵੇਂ ਧਿਰਾਂ ਇਕ ਹਨ ਅਤੇ ਕੁਰਬਾਨੀ ਵਿਚ ਕੋਈ ਕਿਸੇ ਤੋਂ ਘਟ ਨਹੀਂ।......

ਖਾਲਸਾ ਇਕ ਜੀਉਂਦੀ ਕੌਮ ਹੈ। ਇਸ ਵਿਚ ਮੁਢ ਤੋਂ ਸੰਮਤੀ-ਭੇਦ ਰਿਹਾ, ਅਤੇ ਜਦ ਤੀਕ ਇਹ ਕੌਮ ਜੀਉਂਦੀ ਹੈ, ਇਸ ਵਿਚ ਸੰਮਤੀ-ਭੇਦ ਜ਼ਰੂਰ ਰਹੇਗਾ। ਪਰ ਇਹ ਕਦੇ ਨਹੀਂ ਹੋਇਆ ਕਿ ਸੰਮਤੀ-ਭੇਦ ਦੇ ਕਾਰਨ ਸਿਖਾਂ ਨੇ ਅਸੂਲ ਨੂੰ ਤੋੜ ਦਿਤਾ ਹੋਵੇ, ਜਾਂ ਉਸ ਕੰਮ ਨੂੰ ਵਿਗਾੜ ਦਿਤਾ ਹੋਵੇ, ਜਿਸ ਖ਼ਾਤਰ ਸੰਮਤੀ-ਭੇਦ ਹੋਇਆ ਸੀ।

"ਅਮਰ ਖਾਲਸਾ" ਵਿਚੋਂ



www.AKJ.Org

# ਅੰਮ੍ਰਿਤਧਾਰੀ ਸਿੰਘ

[ਸ: ਦਾਨ ਸਿੰਘ ਜੀ ਕੋਮਲ, ਕੋਰਟ ਰੋਡ, ਪੱਟੀ, ਅੰਮ੍ਰਿਤਸਰ]

ਸਿੰਘ ਜਨਮਦਾ ਤੇਗ ਦੀ ਧਾਰ ਵਿਚੋਂ,
ਨਵਾਂ ਰੂਪ ਲੈ ਵਿਚ ਸੰਸਾਰ ਆਉਂਦੈ।
ਗੁੜ੍ਹਤੀ ਪੀ ਕੇ ਖੰਡੇ ਦੀ ਧਾਰ ਵਿਚੋਂ,
ਚੜ੍ਹਦੀ ਕਲਾ ਵਿਚ ਤਿਆਰ ਬਰ ਤਿਆਰ ਆਉਂਦੈ।
ਸਾਬਤ ਸੂਰਤ ਜਦ ਕੇਸਾਂ ਤੇ ਨਾਲ ਦਾੜ੍ਹੀ,
ਸਿਰ ਤੇ ਬੰਨ੍ਹ ਕੇ ਜਦੋਂ ਦਸਤਾਰ ਆਉਂਦੈ।
ਲੱਖਾਂ ਵਿਚੋਂ ਪਛਾਣਿਆ ਜਾਏ 'ਕੱਲਾ,
ਲੋਕੀਂ ਦੂਰੋਂ ਹੀ ਕਹਿੰਦੇ ਸਰਦਾਰ ਆਉਂਦੈ।

ਖੰਡੇ-ਧਾਰ ਅੰਮ੍ਰਿਤ ਜਿਹੜਾ ਪਾਨ ਕਰਦੈ,
ਸਿੰਘ ਸੂਰਮਾ, ਪੁਰਖ ਉਹ ਪਰਮ ਹੁੰਦੈ।
ਉਹਦੇ ਮਨ ਵਿਚ ਨਿੰਮ੍ਰਤਾ, ਪ੍ਰੇਮ, ਭਗਤੀ,
ਸਤਿ, ਸੰਤੋਖ, ਸੇਵਾ, ਦਇਆ, ਧਰਮ ਹੁੰਦੈ।
ਜੋਸ਼, ਅਣਖ, ਕੁਰਬਾਨੀ ਤੇ ਬੀਰਤਾ ਵੀ,
ਲੋਕ-ਭਲਾ, ਉਹਦਾ ਸ਼ੁਭ ਕਰਮ ਹੁੰਦੈ।
ਸ਼ਾਂਤੀ, ਖੁਸ਼ੀ, ਗਿਆਨ, ਵੈਰਾਗ, ਮੁਕਤੀ,
ਜੀਊਣ-ਮਰਣ ਦੀ ਚਿੰਤਾ, ਨਾ ਭਰਮ ਹੁੰਦੈ।

ਸਿੰਘ ਸ਼ੇਰ ਵਾਂਗੂ ਸ਼ਕਤੀਵਾਨ ਹੁੰਦੈ,
ਉਹਦੇ ਉਤੇ ਨਿਰਾਲਾ ਹੀ ਰੰਗ ਹੁੰਦੈ।
ਹੱਡਾਂ ਵਿਚ ਰਚਿਆ ਉਹਦੇ ਧਰਮ ਹੁੰਦੈ,
ਸਿੱਖੀ-ਸਿਦਕ ਉਹਦੇ ਅੰਗ ਅੰਗ ਹੁੰਦੈ।
ਉਹਨੂੰ ਗੁਰੂ ਕੀ ਲਾਡਲੀ ਫੌਜ ਕਹਿੰਦੇ,
ਸਿੰਘ ਸੂਰਮਾ ਸਦਾ ਨਿਹੰਗ ਹੁੰਦੈ।
ਸਿੰਘ ਅਮਨ ਵਿਚ ਸਦਾ ਹੀ ਸੰਤ ਹੁੰਦੈ,
ਜੂਝੇ ਬਣ ਸਿਪਾਹੀ ਜਦ ਜੰਗ ਹੁੰਦੈ।

ਸਿੰਘਾਂ ਵਿਚੋਂ ਦਸਮੇਸ਼ ਦਾ ਰੂਪ ਦਿਸਦੈ,
ਇਕ ਰੱਬ ਤੋਂ ਹੈਨ ਇਹ ਡਰਨ ਵਾਲੇ।
ਆਤਮ ਗਿਆਨੀ, ਨਿਰਲੇਪ ਤੇ ਰਾਜ-ਯੋਗੀ,
ਹਾਮੀ ਸਦਾ ਗੁਰਬਾਣੀ ਦੀ ਭਰਨ ਵਾਲੇ।
ਜੀਵਨ-ਮੌਤ ਨੂੰ ਇਕੋ ਜਿਹਾ ਸਮਝਦੇ ਨੇ,
ਦੁੱਖ ਸੁੱਖ ਨੂੰ ਹੱਸ ਕੇ ਜਰਨ ਵਾਲੇ।
ਹਰਦਮ ਰਹਿਣ ਤਿਆਰ ਕੁਰਬਾਨੀਆਂ ਨੂੰ,
ਸਿਰ ਸਿਦਕ ਲਈ ਤਲੀ ਤੇ ਧਰਨ ਵਾਲੇ।

ਅੰਮ੍ਰਿਤ ਪੀ ਕੇ ਖਾਲਸਾ ਅਮਰ ਹੋਇਆ,
ਨਾ ਹੀ ਹਾਰ ਸਕਿਆ, ਨਾ ਹੀ ਝੁੱਕ ਸਕਿਆ।
ਬੂਟਾ ਧਰਮ ਦਾ ਲਹੂ ਦੇ ਨਾਲ ਪਲਿਆ,
ਨਾ ਹੀ ਢਹਿ ਸਕਿਆ, ਨਾ ਹੀ ਰੁੱਕ ਸਕਿਆ।
ਸੂਰਬੀਰਾਂ ਦਾ ਕਾਫ਼ਲਾ, ਠੀਕ ਰਾਹੋਂ,
ਨਾ ਹੀ ਉੱਕ ਸਕਿਆ, ਨਾ ਹੀ ਰੁੱਕ ਸਕਿਆ।
ਕਿਸੇ ਸਮੇਂ ਜ਼ਰੂਰ ਇਹ ਘਟ ਗਿਆ ਸੀ,
ਪਰ ਨਾ ਮਰ ਸਕਿਆ, ਨਾ ਹੀ ਮੁੱਕ ਸਕਿਆ।

ਐਸੇ ਸਿੰਘਾਂ ਨੇ ਲੱਖਾਂ ਹੀ ਜ਼ਾਲਮਾਂ ਦੀ,
ਰੱਖ ਦਿਤੀ ਸੀ ਮਿੱਟੀ ਵੈਰਾਨ ਕਰ ਕੇ।
ਕਰਤੱਵ ਇਹਨਾਂ ਦੇ ਵਧ ਕੇ ਕਰਾਮਾਤੋਂ,
ਰਖਿਆ ਜੱਗ ਨੂੰ ਇਹਨਾਂ ਹੈਰਾਨ ਕਰ ਕੇ।
'ਕੋਮਲ' ਪਰ-ਉਪਕਾਰੀ ਇਹ ਪਾਤਸ਼ਾਹ ਨੇ,
ਜੀਊਂਦੇ ਜਾਗਦੇ ਉੱਚੇ ਨਿਸ਼ਾਨ ਕਰ ਕੇ।
ਮਰਨਾ ਜੀਊਣ ਖ਼ਾਤਰ, ਜੀਣਾ ਮਰਨ ਖ਼ਾਤਰ,
ਸਿੰਘਾਂ ਸਿਖਿਆ ਏ ਅੰਮ੍ਰਿਤ ਪਾਨ ਕਰ ਕੇ।

["ਰਤੇ ਇਸ਼ਕ ਖੁਦਾਇ" ਵਿਚੋਂ]



www.AKJ.Org

# ਇਤਿਹਾਸ ਆਪਣੇ ਆਪ ਨੂੰ ਫਿਰ ਫਿਰ ਦੁਹਰਾਂਦਾ ਹੈ

[ਸ: ਕਰਮ ਸਿੰਘ ਜੀ ਹਿਸਟੋਰੀਅਨ]

ਸਿੱਖ ਕੌਮ ਦਾ ਇਤਿਹਾਸ ਸਾਡੇ ਸਾਹਮਣੇ ਹੈ, ਇਸ ਦੇ ਚਾਨਣੇ ਵਿਚ ਅਸਾਂ ਵੇਖਣਾ ਹੈ ਕਿ ਖ਼ਾਲਸਈ ਕਰਤੱਵ ਕੀ ਚੀਜ਼ ਹੈ। ਮੁਸੀਬਤ ਦਾ ਸਿੱਖਾਂ ਉਤੇ ਕੀ ਅਸਰ ਹੁੰਦਾ ਹੈ, ਗੁਰਦੁਆਰਿਆਂ ਸੰਬੰਧੀ ਸਿੱਖਾਂ ਅੰਦਰ ਕੀ ਸਪਿਰਿਟ ਹੈ, ਜਦ ਸਿੱਖ ਕਿਸੇ ਕੰਮ ਲਈ ਲੱਕ ਬੰਨ੍ਹ ਲੈਂਦੇ ਹਨ ਤਾਂ ਉਸ ਨੂੰ ਪੂਰਾ ਕਰਨ ਲਈ ਉਹ ਕੀ ਕੁਝ ਕਰ ਗੁਜ਼ਰਦੇ ਹਨ। ਜਦ ਆਪੋ ਵਿਚ ਸੰਮਤੀ-ਭੇਦ ਹੋਵੇ, ਤਾਂ ਸਿੱਖ ਕੀ ਕੀਤਾ ਕਰਦੇ ਸਨ, ਸਿੱਖਾਂ ਵਿਚ ਗਰਮ ਦਿਲ ਤੇ ਨਰਮ ਦਿਲ ਕਿਸ ਹੱਦ ਤੀਕ ਅੱਡੋ ਅੱਡ ਰਹਿੰਦੇ ਹਨ ਤੇ ਕਿੱਥੇ ਆ ਕੇ ਇੱਕ ਹੋ ਜਾਂਦੇ ਹਨ; ਇਹ ਗੱਲਾਂ ਹਨ, ਜਿਨ੍ਹਾਂ ਦਾ ਉੱਤਰ ਕੇਵਲ ਸਿੱਖ ਇਤਿਹਾਸ ਹੀ ਦੇ ਸਕਦਾ ਹੈ।

ਮੇਰੀ ਸੰਮਤੀ ਯਾ ਆਪ ਦੀ ਸੰਮਤੀ ਕੁਝ ਅਰਥ ਨਹੀਂ ਰੱਖਦੀ। ਜੋ ਸੰਮਤੀ ਇਤਿਹਾਸ ਦੀ ਹੈ, ਉਹ ਹੀ ਠੀਕ ਹੈ। ਇਤਿਹਾਸ ਮੁੜ-ਮੁੜ ਆਪ ਨੂੰ ਦੁਹ੍ਰਾਇਆ ਕਰਦਾ ਹੈ। ਜੋ ਕੰਮ ਕੋਈ ਕੌਮ ਪਿੱਛੇ ਕਰ ਚੁਕੀ ਹੈ, ਉਹੋ ਹੀ ਉਹ ਅੱਗੇ ਨੂੰ ਕਰੇਗੀ। ਅਸਾਂ ਵੇਖਣਾ ਹੈ ਕਿ ਸਿੱਖ ਨੇ ਉਤੇ ਦੱਸੀਆਂ ਗੱਲਾਂ ਦਾ ਪਿੱਛੇ ਕੀ ਉਤਰ ਦਿੱਤਾ ਸੀ; ਜੋ ਕੁਝ ਉਨ੍ਹਾਂ ਨੇ ਉੱਤਰ ਦਿੱਤਾ ਸੀ, ਉਹੋ ਉੱਤਰ ਹੁਣ ਦੇਣਗੇ ਤੇ ਉਹੋ ਉੱਤਰ ਅੱਗੋਂ ਨੂੰ ਦੇਣਗੇ। ਗਧੇ ਨੇ ਕਦੇ ਗਊ ਨਹੀਂ ਬਣਨਾ ਤੇ ਗਊ ਨੇ ਕਦੇ ਗਧਾ ਨਹੀਂ ਬਣਨਾ।

## *ਮੁਸੀਬਤ ਸਮੇਂ ਖ਼ਾਲਸਈ ਕਰਤੱਵ—*

ਖ਼ਾਲਸੇ ਦਾ ਜਨਮ ਮੁਸੀਬਤ ਦੇ ਸਮੇਂ ਹੋਇਆ ਸੀ, ਇਸ ਲਈ ਖ਼ਾਲਸਾ ਕਦੇ ਮੁਸੀਬਤ ਤੋਂ ਨਹੀਂ ਘਬਰਾਇਆ, ਸਮੇਂ ਦਾ ਕੰਮ ਹੈ, ਆਉਂਦਾ ਹੈ ਅਤੇ ਤੁਰਿਆ ਜਾਂਦਾ ਹੈ, ਸਮਾਂ ਕਦੇ ਖੜੋਤਾ ਨਹੀਂ ਰਹਿੰਦਾ।

ਸਿਆਣਿਆਂ ਦਾ ਕਥਨ ਹੈ ਕਿ ਜੇਕਰ ਮੁਸੀਬਤ ਨਾਲ ਮਖ਼ੌਲ ਕਰੀਏ ਤਾਂ ਮੁਸੀਬਤ ਦਾ ਅਸਰ ਘਟ ਜਾਂਦਾ ਹੈ। ਖ਼ਾਲਸੇ ਨੇ ਮੁਸੀਬਤ ਨੂੰ ਆਪਣੇ ਸਾਹਮਣੇ ਵੇਖਿਆ, ਅਤੇ ਉਸ ਨਾਲ ਰੱਜ ਕੇ ਮਖ਼ੌਲ ਕੀਤਾ, ਜਿਸ ਕਰਕੇ ਖ਼ਾਲਸੇ ਉਤੇ ਮੁਸੀਬਤ ਦਾ ਰਤਾ ਅਸਰ ਨਾ ਹੋਇਆ। ਮੁਸੀਬਤ ਨੇ ਖ਼ਾਲਸੇ ਦਾ ਲੰਗਰ ਬੰਦ ਕਰ ਦਿੱਤਾ, ਖ਼ਾਲਸੇ ਨੇ ਲੰਗਰ ਮਸਤ ਕਰ ਦਿੱਤਾ। ਮੁਸੀਬਤ ਨੇ ਖ਼ਾਲਸੇ ਪਾਸੋਂ ਬਦਾਮ ਖੋਹ ਕੇ ਮੁੱਠ ਮੁੱਠ ਛੋਲੇ ਹਵਾਲੇ ਕੀਤੇ, ਖ਼ਾਲਸੇ ਨੇ ਉਸੇ ਨੂੰ ਬਦਾਮ ਬਣਾ ਲਿਆ। ਸਮੇਂ ਨੇ ਖ਼ਾਲਸੇ ਨੂੰ ਸਭ ਤਰ੍ਹਾਂ ਦੇ ਦੁੱਖ ਦਿੱਤੇ, ਪਰ ਖ਼ਾਲਸਾ ਸਦਾ ਚੜ੍ਹਦੀਆਂ ਕਲਾਂ ਵਿਚ ਰਿਹਾ; ਹਰ ਮੁਸੀਬਤ ਸਮੇਂ ਉਸ ਨੇ ਜੈਕਾਰਾ ਗਜਾਇਆ। ਮੁਸੀਬਤ ਨੂੰ ਸਾਹਮਣੇ ਵੇਖ ਕੇ ਜੈਕਾਰਾ ਗਜਾਉਣਾ ਮੁਸੀਬਤ ਨੂੰ ਵੰਗਾਰਨਾ ਹੈ ਕਿ ਤੂੰ ਆਪਣਾ ਜ਼ੋਰ ਲਾ ਲੈ, ਅਸਾਂ ਚੜ੍ਹਦੀਆਂ ਕਲਾਂ ਵਿਚ ਹੀ ਰਹਿਣਾ ਹੈ।

## *ਬੰਦਾ ਸਿੰਘ ਬਹਾਦਰ—*

ਸ੍ਰੀ ਦਸਮੇਸ਼ ਜੀ ਜੋਤੀ-ਜੋਤ ਸਮਾ ਗਏ ਅਤੇ ਬੰਦਾ ਬਹਾਦਰ ਪੰਜਾਬ ਵਲ ਆਇਆ, ਖ਼ਾਲਸੇ ਨੇ ਹੁਲਾਰਾ ਮਾਰਿਆ ਅਤੇ ਕਰਨਾਲ ਤੋਂ ਲੈ ਕੇ ਲਾਹੌਰ ਤੀਕ ਦਾ ਸਭ ਇਲਾਕਾ ਸਾਂਭ ਲਿਆ।

ਬਾਦਸ਼ਾਹ ਸਾਰੀ ਸੈਨਾ ਲੈ ਕੇ ਪੰਜਾਬ ਵਲ ਆਇਆ ਅਤੇ ਬੰਦੇ ਬਹਾਦਰ ਨੂੰ ਲੋਹਗੜ੍ਹ ਦੇ ਕਿਲ੍ਹੇ ਵਿਚ ਘੇਰ ਲਿਆ। ਛੇ ਮਹੀਨੇ ਲੜਾਈ ਹੋਈ ਅਤੇ ਅੰਤ ਨੂੰ ਬੰਦਾ ਪਹਾੜਾਂ ਵਲ ਨੱਸ ਗਿਆ। ਬਾਦਸ਼ਾਹ ਲਾਹੌਰ ਵਲ ਆਇਆ ਅਤੇ ਇਹ ਸੁਣ ਕੇ ਕਿ ਸਿੱਖਾਂ ਦੀ ਨਿਸ਼ਾਨੀ ਕੇਸ ਅਤੇ ਦਾੜ੍ਹਾ ਹੈ, ਹੁਕਮ ਦਿੱਤਾ ਕਿ ਜਿਸ ਦਾ ਦਾੜ੍ਹਾ ਕੇਸ ਵੇਖੋ, ਮਾਰ ਦੇਵੋ। ਛੋਟੇ ਹਾਕਮਾਂ ਦੀ ਹੁਣ ਚੜ੍ਹ ਮਚੀ। ਸ਼ਾਹੀ ਸੜਕ ਉਤੇ ਜੋ ਜੋ ਚੁਰੱਸਤਾ ਸੀ, ਰੁੱਖਾਂ ਨਾਲ ਸਿੱਖ ਕੇਸਾਂ ਨਾਲ ਬੱਧੇ ਹੋਏ ਲਟਕ ਰਹੇ ਸਨ। ਸ੍ਰੀ ਦਸਮੇਸ਼ ਜੀ ਤੋਂ ਮਗਰੋਂ ਸਿੱਖਾਂ ਉਤੇ ਇਹ ਪਹਿਲੀ



www.AKJ.Org

ਮੁਸੀਬਤ ਸੀ। ਕੀ ਜਾਣੀਏ ਇਹ ਮੁਸੀਬਤ ਸੀ ਕਿ ਖ਼ਾਲਸੇ ਵਿਚੋਂ ਖੋਟ ਕੱਢਣ ਦੀ ਇਕ ਕਰਤਾਰੀ ਕਾਰ। ਲਾਹੌਰ ਦੇ ਸੂਬੇ ਜ਼ਬਰਦਸਤ ਖ਼ਾਂ ਨੇ ਖਾਲਸੇ ਦੀ ਸਾਰੀ ਖੋਟ ਕੱਢ ਦਿੱਤੀ, ਪਰ ਖ਼ਾਲਸੇ ਦਾ ਉਹ ਕੁਝ ਨਾ ਵਿਗਾੜ ਸਕਿਆ।

ਪਰ ਇਸ ਸਮੇਂ ਜਗਤ ਸਿੰਘ ਸੂਰਮਾ ਦੜਕਿਆ, ਅਤੇ ਰਿਆੜਕੀ ਵਿਚ ਭਬਕਾਰਾ ਮਾਰ ਕੇ ਕਿੜੀ ਪਠਾਣ, ਤੇ ਗਿਰਦ-ਨਵਾਹੀ ਦੇ ਪੰਜਾਹ ਸੱਠ ਪਿੰਡ ਉਗਰਾਹ ਲਏ। ਦਿੱਲੀ ਤੀਕ ਰੌਲਾ ਪੈ ਗਿਆ ਕਿ ਸਿੱਖ ਅਜੇ ਤੀਕ ਜੀਉਂਦੇ ਹਨ ਅਤੇ ਚੰਗੀ ਤਰ੍ਹਾਂ ਦਰੜੇ ਨਹੀਂ ਗਏ। ਜ਼ਬਰਦਸਤ ਖਾਂ ਹਟਾ ਦਿੱਤਾ ਗਿਆ ਅਤੇ ਉਸ ਦੀ ਥਾਂ ਦਲੇਰ ਜੰਗ ਸੂਬਾ ਹੋ ਕੇ ਆਇਆ, ਮੁਹੰਮਦ ਅਮੀਨ ਖਾਂ ਭੀ ਬਹੁਤ ਸਾਰੀ ਸੈਨਾ ਲੈ ਕੇ ਦਿੱਲੀ ਤੋਂ ਆਇਆ ਅਤੇ ਅੰਮ੍ਰਿਤਸਰ ਦੇ ਗਿਰਦੇ ਫੇਰ ਸਿੰਘਾਂ ਦੀ ਕਤਲ-ਆਮ ਅਰੰਭ ਹੋ ਗਈ।

ਦੋ ਸਾਲ ਰਾਮ-ਰੌਲਾ ਰਿਹਾ। ਬਾਦਸ਼ਾਹੀ ਫ਼ੌਜਾਂ ਸਿੰਘਾਂ ਨੂੰ ਮਾਰਦੀਆਂ ਫਿਰਦੀਆਂ ਅਤੇ ਸਿੰਘ ਸਮਾਂ ਵੇਖ ਕੇ ਸਾਰੀ ਰਿਆੜਕੀ ਉਗਰਾਹ ਲੈਂਦੇ ਅਤੇ ਦਿੱਲੀ ਤੋਂ ਸੈਨਾ ਆਈ, ਪੰਜਾਬ ਦੀ ਸਾਰੀ ਫ਼ੌਜ ਇਕੱਠੀ ਹੋਈ, ਕਈ ਮਹੀਨੇ ਬੰਦਾ ਸਿੰਘ ਬਹਾਦਰ ਨੂੰ ਘੇਰੀ ਰੱਖਿਆ ਅਤੇ ਅੰਤ ਨੂੰ ਅਰੰਭ ਮੱਘਰ ਸੰਮਤ ੧੭੭੨ ਨੂੰ ਫੜ ਲਿਆ ਗਿਆ।

ਲਾਹੌਰੋਂ ਤੁਰਦਿਆਂ ਜ਼ਕਰੀਆ ਖਾਂ ਨੂੰ ਸੂਝ ਫੁਰੀ ਕਿ ਦੋ ਸੌ ਕੈਦੀ ਤਾਂ ਬਹੁਤ ਹੀ ਥੋੜਾ ਹੈ, ਘਟ ਤੋਂ ਘਟ ਹਜ਼ਾਰ ਤਾਂ ਹੋਵੇ ! ਬਸ, ਸੋਚ ਦੀ ਹੀ ਢਿੱਲ ਸੀ, ਰੋਜ਼ ਬੇਗੁਨਾਹ ਸਿੰਘ ਫੜੇ ਆਉਣ ਲਗ ਪਏ, ਅਤੇ ਦਿਨਾਂ ਵਿਚ ਹੀ ਇਨ੍ਹਾਂ ਦੀ ਗਿਣਤੀ ਹਜ਼ਾਰ ਦੇ ਲਗ-ਪਗ ਅਪੜ ਗਈ।

## *ਸਿੰਘਾਂ ਦੀ ਦਿਲੀ ਵਿਚ ਕਤਲਾਮ—*

ਤਿੰਨ ਹਜ਼ਾਰ ਸਿੰਘਾਂ ਦੇ ਸਿਰ, ਜੋ ਬਰਛੀਆਂ ਉਤੇ ਟੰਗੇ ਹੋਏ ਸਨ, ਸਭ ਨਾਲੋਂ ਅੱਗੇ ਕਰ ਕੇ ਅਤੇ ਕੈਦੀਆਂ ਦਾ ਮੂੰਹ ਕਾਲਾ ਕਰ ਕੇ ਤੇ ਸਿਰਾਂ ਉਤੇ ਕਾਠ ਦੀ ਟੋਪੀ ਰੱਖ ਕੇ, ਬੰਦੇ ਨੂੰ ਕਾਠ ਦੇ ਪਿੰਜਰੇ ਵਿਚ ਪਾ ਕੇ ਅਤੇ ਬਾਕੀਆਂ ਨੂੰ ਗੱਡਿਆਂ ਉਤੇ ਬਿਠਾ ਕੇ ਸ਼ਹਿਰ ਵਿਚ ਲਿਆਂਦਾ ਗਿਆ।

ਜਦ ਬਾਦਸ਼ਾਹ ਦੇ ਹਜ਼ੂਰ ਗਏ ਤਾਂ ਉਸ ਨੇ ਹੁਕਮ ਦਿੱਤਾ ਕਿ ਬੰਦਾ ਬਹਾਦਰ, ਉਸ ਦਾ ਪੁੱਤਰ ਅਤੇ ਦੋ ਤਿੰਨ ਉਸ ਦੇ ਮੋਅਤਬਰਾਂ ਨੂੰ ਤਾਂ ਕਿਲ੍ਹੇ ਵਿਚ ਕੈਦ ਕੀਤਾ ਜਾਵੇ ਅਤੇ ਬਾਕੀ ਸਿੰਘ ਕੋਤਵਾਲੀ ਅੰਦਰ ਬੰਦ ਕੀਤੇ ਜਾਣ।

ਨਾਲ ਹੀ ਇਹ ਭੀ ਹੁਕਮ ਦਿੱਤਾ ਕਿ ਕੈਦੀਆਂ ਵਿਚੋਂ ਸੌ ਸੌ ਦੋ ਦੋ ਸੌ ਰੋਜ਼ ਕੋਤਵਾਲੀ ਦੇ ਸਾਹਮਣੇ ਕਿਲ੍ਹੇ ਦੇ ਦਰਵਾਜ਼ੇ ਅੱਗੇ ਅਤੇ ਵੱਡੇ ਵੱਡੇ ਬਾਜ਼ਾਰਾਂ ਦੇ ਚੁਰੱਸਤਿਆਂ ਵਿਚ ਕਤਲ ਕੀਤੇ ਜਾਇਆ ਕਰਨ ਅਤੇ ਜੇਹੜਾ ਕੈਦੀ ਮੁਸਲਮਾਨ ਹੋਣਾ ਮਨਜ਼ੂਰ ਕਰ ਲਵੇ ਓਹ ਛੱਡ ਦਿੱਤਾ ਜਾਵੇ। ਪਰ, ਵਾਹ ! ਖਾਲਸਈ ਹੌਸਲਾ, ਕਿ ਅੱਠ ਨੌਂ ਸੌ ਕੈਦੀਆਂ ਵਿਚੋਂ ਇਕ ਨੇ ਵੀ ਦਿਲ ਨਾ ਡੁਲਾਇਆ ਅਤੇ ਕਤਲ ਹੋਣ ਵਿਚ ਇਕ ਨਾਲੋਂ ਦੂਜਾ ਸਿੰਘ ਪਹਿਲ ਕਰਨੀ ਚਾਹੁੰਦਾ ਰਿਹਾ।

ਖ਼ਾਫ਼ੀ ਖਾਂ ਲਿਖਦਾ ਹੈ ਕਿ ਮੈਂ ਇਹਨਾਂ ਸਿੰਘਾਂ ਦੇ ਨਿਸਚੇ ਦੀਆਂ ਐਸੀਆਂ ਐਸੀਆਂ ਗੱਲਾਂ ਸੁਣੀਆਂ ਹਨ, ਜਿਨ੍ਹਾਂ ਨੂੰ ਅਕਲ ਮੰਨ ਨਹੀਂ ਸਕਦੀ, ਪਰ ਜੋ ਕੁਝ ਮੈਂ ਆਪਣੀ ਅੱਖੀਂ ਵੇਖਿਆ ਹੈ ਉਹ ਲਿਖਦਾ ਹਾਂ ਕਿ ਇਹਨਾਂ ਕੈਦੀਆਂ ਵਿਚ ਇੱਕ ਦਾੜ੍ਹੀ ਮੁੱਛ ਫੁਟਦਾ ਲੜਕਾ ਸੀ। ਉਸ ਦੀ ਮਾਤਾ ਨੇ ਵਸੀਲਾ ਪਾ ਕੇ ਆਪਣੇ ਕਿਸੇ ਹਮੈਤੀ ਦੀ ਰਾਹੀਂ ਬਾਦਸ਼ਾਹ ਅਤੇ ਉਸ ਦੇ ਵਜ਼ੀਰ ਸੱਯਦ ਅਬਦੁੱਲ ਪਾਸ ਰੋ ਰੋ ਕੇ ਬੇਨਤੀ ਕੀਤੀ ਕਿ ਮੇਰਾ ਪੁੱਤਰ ਇਹਨਾਂ ਕੈਦੀਆਂ ਵਿੱਚ ਹੈ। ਇਕ ਵਾਰ ਸਿੰਘ ਲੁਟ-ਮਾਰ ਨੂੰ ਆਏ, ਇਸ ਨੂੰ ਫੜ ਕੇ ਲੈ ਗਏ ਸਨ। ਉਦੋਂ ਦਾ ਹੀ ਇਹ ਇਹਨਾਂ ਨਾਲ ਹੈ, ਅਤੇ ਬੇਦੋਸ਼ਾ ਹੀ ਕਤਲ ਕੀਤਾ ਚਲਿਆ ਹੈ।



www.AKJ.Org

ਬਾਦਸ਼ਾਹ ਨੂੰ ਤਰਸ ਆ ਗਿਆ ਅਤੇ ਉਸ ਦੇ ਪੁੱਤਰ ਦੀ ਰਿਹਾਈ ਵਾਸਤੇ ਆਪਣੇ ਹਜ਼ੂਰੋਂ ਇਕ ਆਦਮੀ ਘੱਲਿਆ। ਉਹ ਤ੍ਰੀਮਤ ਖਲਾਸੀ ਦਾ ਹੁਕਮ ਲੈ ਕੇ ਐਨ ਉਸ ਵੇਲੇ ਪੁੱਜੀ ਜਦ ਕਿ ਜੱਲਾਦ ਲਹੂ ਨਾਲ ਭਿੱਜੀ ਹੋਈ ਤਲਵਾਰ ਖਿੱਚੀ ਉਸ ਨੂੰ ਵੱਢਣ ਵਾਲਾ ਹੀ ਸੀ। ਉਸ ਦੇ ਪੁੱਤਰ ਨੇ ਰੌਲਾ ਪਾਇਆ ਕਿ "ਮੇਰੀ ਮਾਤਾ ਝੂਠ ਬੋਲਦੀ ਹੈ, ਮੈਂ ਤਨੋਂ ਮਨੋਂ ਆਪਣੇ ਗੁਰੂ ਤੋਂ ਘੋਲੀ ਹਾਂ, ਮੈਨੂੰ ਝਬਦੇ ਮੇਰੇ ਸਾਥੀਆਂ ਪਾਸ ਪਹੁੰਚਾਓ।"

ਸੱਤਾਂ ਕੁ ਦਿਨਾਂ ਵਿਚ ਸਾਰੇ ਸਿੰਘ ਮੁਕ ਗਏ, ਪਰ ਉਹਨਾਂ ਵਿਚੋਂ ਇਕ ਨੇ ਵੀ ਮੁਸਲਮਾਨੀ ਮਤ ਅੰਗੀਕਾਰ ਨਹੀਂ ਕੀਤਾ। ਸਭ ਸਿੰਘਾਂ ਨੂੰ ਕਤਲ ਕਰ ਕੇ ਉਹਨਾਂ ਦੇ ਸਿਰ ਸ਼ਹਿਰ ਦੇ ਰੁੱਖਾਂ ਨਾਲ ਲਟਕਾਏ ਗਏ, ਉਹਨਾਂ ਦੇ ਧੜਾਂ ਦੇ ਟੋਟੇ ਟੋਟੇ ਕਰ ਕੇ ਕਿਤੇ ਲੱਤ, ਕਿਤੇ ਬਾਂਹ ਅਤੇ ਕਿਤੇ ਸਾਰਾ ਧੜ ਹੀ ਦਰੱਖਤ ਨਾਲ ਲਟਕਾ ਦਿੱਤਾ ਗਿਆ। ਕਈ ਥਾਈਂ ਜ਼ਮੀਨ ਵਿਚ ਨੇਜ਼ੇ ਤੇ ਬਰਛੀਆਂ ਗੱਡ ਕੇ ਸਿੰਘਾਂ ਦੇ ਸਿਰ ਟੰਗੇ ਹੋਏ ਸਨ। ਸਿੰਘਾਂ ਵਿਚੋਂ ਕਿਸੇ ਇਕ ਦੀ ਵੀ ਲੋਥ ਸਾੜੀ ਯਾ ਫੂਕੀ ਨਹੀਂ ਗਈ, ਸਾਰੀਆਂ ਇਸ ਤਰ੍ਹਾਂ ਸ਼ਹਿਰ ਦੇ ਵਿਚ ਯਾ ਇਰਦੇ ਗਿਰਦੇ ਟੰਗੀਆਂ ਗਈਆਂ।

## ਸਿੱਖਾਂ ਦੇ ਸਿਰਾਂ ਦਾ ਮੁੱਲ–

ਖਾਲਸੇ ਲਈ ਮੁਸੀਬਤ ਦੀ ਇਹ ਪਹਿਲੀ ਲੜੀ ਸੀ। ਬੰਦਾ ਮਾਰਿਆ ਗਿਆ ਅਤੇ ਚੁਣਵੇਂ ਆਗੂ ਸਭ ਮਾਰੇ ਗਏ। ਹਾਕਮਾਂ ਜਾਣਿਆ, ਹੁਣ ਇਹ ਲਹਿਰ ਮਰ ਗਈ ਹੈ। ਪਰ ਤਦ ਵੀ ਜੋ ਕਿਤੇ ਨਾਮ ਮਾਤ੍ਰ ਸਿੱਖ ਨਜ਼ਰ ਆਉਂਦਾ ਸੀ ਉਸੇ ਨੂੰ ਦਲੇਰ ਜੰਗ ਮਾਰੀ ਗਿਆ।

ਦਲੇਰ-ਜੰਗ ਦਾ ਪੁੱਤਰ ਖਾਨ ਬਹਾਦਰ ਜਦ ਲਾਹੌਰ ਦਾ ਸੂਬਾ ਹੋਇਆ, ਤਾਂ ਉਸ ਨੇ ਫੇਰ ਸਖਤੀ ਕਰਨੀ ਅਰੰਭੀ। ਉਸ ਨੇ ਕਾਇਦੇ ਨਾਲ ਪਿੰਡ ਪਿੰਡ ਨੂੰ ਸੋਧਿਆ। ਚੁਣ ਚੁਣ ਕੇ ਸਿੰਘ ਮਾਰੇ। ਸਿੰਘ ਰਾਜ-ਦ੍ਰੋਹੀਆਂ ਦਾ ਖੁਰਾ ਖੋਜ ਮਿਟਾਣਾ ਹੀ ਹਕੂਮਤ ਦਾ ਕੰਮ ਸੀ। ਸਿੰਘਾਂ ਦੇ ਸਿਰਾਂ ਦੇ ਇਨਾਮ ਰਖੇ ਹੋਏ ਸਨ। ਪਿੰਡ ਪਿੰਡ ਸੂਹੀਏ ਫਿਰਦੇ ਸਨ, ਗਸ਼ਤੀ ਫ਼ੌਜਾਂ ਚੱਕਰ ਲਾਉਂਦੀਆਂ ਸਨ ਅਤੇ ਜਿੱਥੇ ਸਿੰਘਾਂ ਦਾ ਪਤਾ ਲਗਦਾ ਸੀ, ਜਾ ਸ਼ਿਕਾਰ ਕਰਦੀਆਂ ਸਨ। ਖਾਨ ਬਹਾਦਰ ਇਸ ਤਰ੍ਹਾਂ ਸਿੰਘਾਂ ਨੂੰ ਮਿਟਾ ਰਿਹਾ ਸੀ, ਪਰ ਸਿੰਘ ਕੌੜੀ ਵੇਲ ਵਾਂਗ ਵਧਦੇ ਜਾਂਦੇ ਸਨ।

## ਮੱਸੇ ਰੰਘੜ ਦੀ ਸੋਧ–

ਇਹ ਉਹ ਸਮਾਂ ਸੀ ਜਦ ਮੱਸਾ ਰੰਘੜ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਕੰਜਰੀਆਂ ਦਾ ਨਾਚ ਕਰਵਾਉਂਦਾ ਹੁੰਦਾ ਸੀ। ਭਾਈ ਮਤਾਬ ਸਿੰਘ ਮੀਰਾਂਕੋਟੀਏ ਨੇ ਜਦ ਜੈਪੁਰ ਵਿਚ ਪੰਥ ਦਾ ਇਹ ਹਾਲ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਐਸੀ ਬੇਅਦਬੀ ਹੁੰਦੀ ਸੁਣੀ ਤਾਂ ਖਾਲਸਈ ਕਰਤੱਵ ਨੇ ਹੁਲਾਰਾ ਮਾਰਿਆ। ਸਿੰਘ ਸ਼ਹੀਦ ਹੋਣ ਲਈ ਤੁਰ ਪਿਆ। ਆਪ ਦੇ ਨਾਲ ਭਾਈ ਸੁਖਾ ਸਿੰਘ ਮਾੜੀ ਕੰਬੋ ਵਾਲਾ ਵੀ ਤੁਰਿਆ ਅਤੇ ਦੋਹਾਂ ਨੇ ਆ ਕੇ ਮੱਸੇ ਰੰਘੜ ਦਾ ਸਿਰ ਵੱਢ ਦਿੱਤਾ। ਇਸ ਸਮੇਂ ਭਾਈ ਬੋਤਾ ਸਿੰਘ ਨੇ ਸ਼ਾਹੀ ਸੜਕ ਉਤੇ ਖੜੋ ਕੇ ਮਸੂਲ ਲੈਣਾ ਅਰੰਭ ਦਿੱਤਾ, ਦਿੱਤਾ, ਅਤੇ ਸਾਬਤ ਕਰ ਦਿੱਤਾ ਕਿ ਸਿੰਘ ਮਰੇ ਨਹੀਂ, ਸਿੰਘ ਜੀਉਂਦੇ ਹਨ; ਸਿੰਘ ਡਰੇ ਨਹੀਂ, ਸਿੰਘ ਜਿਉਂ ਦੇ ਤਿਉਂ ਹਨ।

## ਲਖਪਤ ਦੀ ਦੁਸ਼ਟਤਾਈ–

ਸੰਮਤ ੧੮੦੧ ਬਿਕਰਮੀ ਮਗਰੋਂ ਖਾਨ ਬਹਾਦਰ ਦਾ ਛੋਟਾ ਪੁੱਤਰ ਸ਼ਾਹਨਿਵਾਜ਼ ਖਾਂ ਸੂਬਾ ਬਣਿਆ। ਇਸ ਦਾ ਵਜ਼ੀਰ ਦੀਵਾਨ ਲਖਪਤਿ ਰਾਏ ਸੀ। ਇਹਨਾਂ ਨੇ ਇਹ ਪੱਕ ਧਾਰੀ ਕਿ ਸਿੰਘਾਂ ਦਾ ਖੁਰਾ ਖੋਜ ਮਿਟਾ



www.AKJ.Org

ਦਿੱਤਾ ਜਾਵੇ। ਨਾ-ਮਿਲਵਰਤਨੀਏ ਕੀ ਤੇ ਮਿਲਵਰਤਨੀਏ ਕੀ, ਹੁਣ ਸਿੰਘ ਦੇ ਅਰਥ ਹੀ ਬਾਗੀ ਹੋ ਗਏ, ਤੇ ਸਿੰਘ ਮਾਤਰ ਦੀ ਕਤਲਾਮ ਸ਼ੁਰੂ ਹੋ ਗਈ। ਭਾਈ ਸੁਬੇਗ ਸਿੰਘ ਜੀ ਜ਼ੰਬਰ, ਪਕੇ ਮਿਲਵਰਤਨੀਏ ਸਨ। ਉਹਨਾਂ ਨੂੰ ਤੇ ਉਹਨਾਂ ਦੇ ਸਪੁਤਰ ਸ਼ਾਹਬਾਜ਼ ਸਿੰਘ ਜੀ ਨੂੰ ਚਰਖੜੀ ਉਤੇ ਚਾੜ੍ਹਿਆ ਗਿਆ। ਗਸ਼ਤੀ ਫ਼ੌਜ ਦੀ ਗਿਣਤੀ ਵਧਾਈ ਗਈ ਅਤੇ ਹਰ ਥਾਂ ਸਿੰਘਾਂ ਦੀ ਖੋਜ ਕੀਤੀ ਗਈ।

ਲਖਪਤ ਦਾ ਭਰਾ ਜਸਪਤ ਸਿਖਾਂ ਤੇ ਚੜ੍ਹ ਆਇਆ ਅਤੇ ਲੜਾਈ ਵਿਚ ਖਾਲਸੇ ਹਥੋਂ ਮਾਰਿਆ ਗਿਆ। ਇਸ ਤੇ ਲਖਪਤ ਹੋਰ ਤੱਤਰ ਹੋ ਗਿਆ ਅਤੇ ਸਿੱਖ ਮਾਤਰ ਨੂੰ ਮਰਵਾਉਣ ਲੱਗ ਪਿਆ। ਹੁਕਮ ਦੇ ਦਿੱਤਾ ਕਿ ਕੋਈ 'ਗੁੜ' ਨਾ ਆਖੇ, ਕਿਉਂਕਿ ਇਸ ਤੋਂ 'ਗੁਰ' ਚੇਤੇ ਆਉਂਦਾ ਹੈ। ਲੋਕੀਂ ਰੋੜੀ ਆਖਦੇ ਸਨ। ਇਸ ਨੇ ਦਾਅਵਾ ਕੀਤਾ ਕਿ ਸਿੱਖ ਪੰਥ ਦਾ ਆਰੰਭ ਇਕ ਖੱਤਰੀ ਨੇ ਕੀਤਾ ਸੀ ਤੇ ਹੁਣ ਖੱਤਰੀ ਹੀ ਇਸ ਦਾ ਨਾਸ ਕਰੇਗਾ।

ਸਿੱਖੀ ਲਈ ਇਹ ਬੜਾ ਨਾਜ਼ਕ ਸਮਾਂ ਸੀ। ਪਿਛਲੇ ਤੀਹਾਂ ਸਾਲਾਂ ਤੋਂ ਸਿੱਖਾਂ ਦੀ ਕਤਲਾਮ ਹੋ ਰਹੀ ਸੀ। ਪਹਿਲਾਂ ਕੇਵਲ ਨਾ-ਮਿਲਵਰਤਨੀਏ ਹੀ ਮਾਰੀਦੇ ਸਨ, ਫੇਰ ਮਿਲਵਰਤਨੀਏ ਵੀ ਮਾਰੇ ਜਾਣ ਲੱਗੇ ਅਤੇ ਅੰਤ ਨੂੰ ਹੁਣ ਸਿੱਖ ਵੀ ਬਾਗੀ ਸਮਝੇ ਜਾਣ ਲੱਗ ਪਏ। ਗੁਰੂ ਦਾ ਨਾਮ ਲੈਣਾ, ਬਾਣੀ ਪੜ੍ਹਨੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਂ ਕਿਸੇ ਪੋਥੀ ਦਾ ਪਾਠ ਕਰਨਾ ਜਾਂ ਆਪਣੇ ਪਾਸ ਰੱਖਣੀ ਬਾਗੀ ਹੋਣ ਦੀ ਪੱਕੀ ਨਿਸ਼ਾਨੀ ਸੀ। ਜਦ ਸਖ਼ਤੀ ਐਥੋਂ ਤੀਕ ਵਧ ਜਾਏ ਤਾਂ ਕਿਸੇ ਕੌਮ ਦਾ ਜੀਉਂਦੇ ਰਹਿ ਸਕਣਾ ਕੋਈ ਸੌਖੀ ਜਿਹੀ ਗੱਲ ਨਹੀਂ ਹੁੰਦੀ। ਪਰ ਸਿਖ ਕੌੜੀ ਵੇਲ ਵਾਂਗ ਵਧਦੇ ਗਏ।

**ਛੋਟਾ ਘਲੂਘਾਰਾ–**

ਲਖਪਤ ਭਾਰੀ ਸੈਨਾ ਤੇ ਲੜਾਈ ਦਾ ਸਾਮਾਨ ਲੈ ਕੇ ਸਿੰਘਾਂ ਦੇ ਮਗਰ ਲੱਗਾ। ਭਾਵੇਂ ਤੀਹਾਂ ਬੱਤੀਆਂ ਸਾਲਾਂ ਤੋਂ ਸਿੰਘ ਤਲਵਾਰ ਦੀ ਧਾਰ ਹੇਠ ਸਨ, ਪਰ ਤਦ ਵੀ ਪੰਜਾਹ ਹਜ਼ਾਰ ਤੀਕ ਇਹਨਾਂ ਦੀ ਗਿਣਤੀ ਅਪੜ ਚੁਕੀ ਸੀ। ਲਖਪਤ ਨੇ ਚੜ੍ਹਾਈ ਕੀਤੀ ਅਤੇ ਰਾਵੀ ਦੇ ਝਲ ਵਿਚ ਵੜ ਕੇ ਸਿੰਘਾਂ ਨੂੰ ਪਹਾੜ ਤੀਕ ਧੱਕੀ ਗਿਆ। ਸਿੰਘ ਪਹਾੜੋਂ ਹਟ ਕੇ ਫੇਰ ਪਿਛੇ ਹਟੇ ਅਤੇ ਲੜਦੇ-ਭਿੜਦੇ ਮਾਲਵੇ ਨੂੰ ਚਲੇ ਗਏ। ਇਹ ਸਿਖ ਇਤਿਹਾਸ ਦਾ ਛੋਟਾ ਘਲੂ-ਘਾਰਾ ਹੈ, ਜਿਸ ਵਿਚ ਉਸ ਸਮੇਂ ਦੇ ਖਿਆਲ ਅਨੁਸਾਰ ਤੀਹ ਚਾਲੀ ਹਜ਼ਾਰ ਖਾਲਸਾ ਸ਼ਹੀਦ ਹੋਇਆ ਅਤੇ ਸਿੰਘਾਂ ਦੀ ਗਿਣਤੀ ਬਹੁਤ ਥੋੜੀ ਰਹਿ ਗਈ। ਪਰ ਸਿੰਘਾਂ ਦੀਆਂ ਔਕੜਾਂ ਦਾ ਅਜੇ ਅੰਤ ਨਹੀਂ ਹੋਇਆ। ਇਹਨਾਂ ਦੇ ਦਿਲਾਂ ਦੀ ਪਰਖ ਲਈ ਅਜੇ ਹੋਰ ਇਮਤਿਹਾਨਾਂ ਦੀ ਲੋੜ ਸੀ।

## ਮੀਰ ਮੰਨੂੰ ਦੇ ਜ਼ੁਲਮ–

ਜਦੋਂ ਮੀਰ-ਮੰਨੂੰ ਨੇ ਕਤਲਾਮ ਸ਼ੁਰੂ ਕੀਤੀ ਤਾਂ ਗ੍ਰਿਹਸਤੀ ਖਾਲਸੇ ਉਤੇ ਵੀ ਮੁਸੀਬਤ ਆਈ। ਦਿਨਾਂ ਵਿਚ ਹੀ ਪਿੰਡਾਂ ਦੇ ਸਿੰਘ-ਘਰਾਣੇ ਚੁਣ ਲਏ ਗਏ ਅਤੇ ਰਹਿੰਦੇ ਸਿੰਘ ਤੇ ਸਿੰਘਣੀਆਂ ਝਲਾਂ ਵਿਚ ਜਾ ਵੜੇ। ਮੀਰ-ਮੰਨੂੰ ਨੇ ਸਿੰਘਣੀਆਂ ਨੂੰ ਫੜ ਫੜ ਕੇ ਬੜੀ ਬੇਤਰਸੀ ਨਾਲ ਕਤਲ ਕਰਵਾਇਆ। ਉਹਨਾਂ ਨੂੰ ਚੱਕੀ ਦੀ ਮੁਸ਼ੱਕਤ ਦਿੱਤੀ, ਉਹਨਾਂ ਦੇ ਸਾਹਮਣੇ ਉਹਨਾਂ ਦੇ ਬੱਚੇ ਕਤਲ ਕੀਤੇ ਅਤੇ ਅੰਤ ਉਹਨਾਂ ਨੂੰ ਵੀ ਮਾਰ ਦਿੱਤਾ, ਪਰ ਇਕ ਨੇ ਵੀ ਇਹ ਨਾ ਆਖਿਆ ਕਿ ਮੇਰਾ ਸੰਬੰਧ ਖਾਲਸਾ ਪੰਥ ਨਾਲ ਨਹੀਂ। ਸਿੰਘ ਫੜੇ ਆਉਂਦੇ ਅਤੇ ਮੰਡੀ ਵਿਚ ਜਮ੍ਹਾਂ ਕਰ ਕੇ ਮਾਰੇ ਜਾਂਦੇ। ਸਿਰ ਵੱਢੇ ਜਾਂਦੇ ਜਾਂ ਰੂੰ ਵਿਚ ਵਲ੍ਹੇਟ ਕੇ ਤੇ ਤੇਲ ਪਾ ਕੇ ਜੀਉਂਦੇ ਸਾੜੇ ਜਾਂਦੇ। ਇਹਨਾਂ ਸ਼ਹੀਦਾਂ ਦੇ ਸਿਰਾਂ ਨਾਲ ਕਈ ਖੂਹ ਭਰੇ ਗਏ, ਕਈ ਮੁਨਾਰੇ ਚਿਣੇ ਗਏ। ਇਨ੍ਹਾਂ ਨਾਲ ਐਤਨੀ ਸਖਤੀ ਹੋਈ ਕਿ ਇਨ੍ਹਾਂ ਤਿੰਨਾਂ ਸਾਲਾਂ ਵਿਚ ਕਈ ਹਜ਼ਾਰ ਸਿੰਘ ਸਿੰਘਣੀਆਂ ਦੇ ਸੀਸ ਲੱਗੇ। ਪਰ ਸਿੰਘ ਸਿਰੜੀ ਬਹੁਤ ਹੋ ਗਏ ਅਤੇ ਹਕੂਮਤ ਨਾਲ ਸ਼ਰੀਕਾ ਕਰਨ ਦੇ ਯੋਗ ਹੋ ਗਏ।



www.AKJ.Org

## ਵੱਡਾ ਘਲੂਘਾਰਾ–

ਹੁਣ ਸਿੰਘ ਬੇਰੀ ਵੇਲ ਵਾਂਗ ਵਧਦੇ ਗਏ ਤੇ ਮਲਾਂ ਮਲਣ ਲਗ ਪਏ। ਆਉਂਦੇ ਛੇ ਸਾਲਾਂ ਵਿਚ ਸਿੰਘ ਐਤਨੇ ਤਕੜੇ ਹੋ ਗਏ ਕਿ ਅਹਿਮਦਸ਼ਾਹ ਅਬਦਾਲੀ, ਜਿਸ ਨੇ ਸੰਮਤ ੧੮੧੭ ਵਿਚ ਤਿੰਨ ਲੱਖ ਮਰਹੱਟਾ ਸੈਨਾ ਨੂੰ ਮਿੱਟੀ ਨਾਲ ਮਿਲਾ ਕੇ ਮਰਹੱਟਿਆਂ ਦਾ ਲੱਕ ਤੋੜ ਦਿੱਤਾ ਸੀ, ਥੋੜੇ ਹੀ ਮਹੀਨਿਆਂ ਮਗਰੋਂ ਉਸ ਨੂੰ ਸਿੰਘਾਂ ਦੀ ਤਾਕਤ ਤੋੜਨ ਲਈ ਫਿਰ ੧੮੧੮ ਵਿਚ ਪੰਜਾਬ ਆਉਣਾ ਪਿਆ। ਅਬਦਾਲੀ ਏਕਾ-ਏਕ ਸਿੰਘਾਂ ਉਤੇ ਪਿਆ, ਅਤੇ ਕੁਪਹਰੀੜੇ ਦੇ ਮੈਦਾਨ ਵਿਚ ਸਿੰਘਾਂ ਨੂੰ ਘੇਰ ਲਿਆ। ਸਾਹਮਣੇ ਅਹਿਮਦ ਸ਼ਾਹ ਸੀ ਤੇ ਪਿੱਛੇ ਜ਼ੈਨ ਖਾਂ ਹਾਕਮ ਸਰਹੰਦ, ਅਤੇ ਭੀਖਣ ਖਾਂ ਨਵਾਬ ਮਲੇਰ ਕੋਟਲਾ, ਅਤੇ ਸਿੰਘ ਦੋਹਾਂ ਫੌਜਾਂ ਦੇ ਵਿਚਾਲੇ ਸਨ। ਸਿੰਘ ਲੜਦੇ ਗਏ ਅਤੇ ਪਿੱਛੇ ਹਟਦੇ ਗਏ। ਜਦ ਦੁਪਹਿਰ ਹੋ ਗਈ ਤਾਂ ਤੁਰਕਾਨੀ ਸੈਨਾ ਪਿਛੇ ਹੱਟ ਗਈ, ਅਤੇ ਅਬਦਾਲੀ ਨੇ ਸਮਝਿਆ ਕਿ ਮੈਂ ਮਰਹੱਟਿਆਂ ਵਾਂਗ ਸਿੰਘਾਂ ਦਾ ਐਸਾ ਲੱਕ ਤੋੜ ਚਲਿਆ ਹਾਂ ਕਿ ਆਉਂਦੇ ਕਈ ਸਾਲਾਂ ਤੀਕ ਇਹ ਸਿਰ ਨਹੀਂ ਚੁਕ ਸਕਣਗੇ। ਪਰ ਇਹ ਇਸ ਦੀ ਭੁੱਲ ਸੀ।

ਖਾਲਸੇ ਨੂੰ ਨਿਰਸੰਦੇਹ ਬੜੀ ਭਾਰੀ ਸੱਟ ਵੱਜੀ ਸੀ। (ਉਸ ਸਮੇਂ ਦੇ ਖਿਆਲ ਅਨੁਸਾਰ ਪੰਜਾਹ ਹਜ਼ਾਰ ਖਾਲਸਾ ਸ਼ਹੀਦ ਹੋ ਗਿਆ ਸੀ) ਪਰ ਖਾਲਸੇ ਦਾ ਦਿਲ ਨਹੀਂ ਡੋਲਿਆ ਸੀ। ਜਦ ਸੰਝ ਨੂੰ ਖਾਲਸਾ ਇਕੱਠਾ ਹੋਇਆ ਤਾਂ ਇਕ ਸਿੰਘ ਨੇ ਗੱਜ ਕੇ ਆਖਿਆ ਕਿ ਜੋ ਖੋਟ ਸੀ ਸੋ ਨਿਕਲ ਗਿਆ ਹੈ, ਹੁਣ ਤੱਤ ਖਾਲਸਾ ਹੀ ਰਹਿ ਗਿਆ ਹੈ। ਜਿਸ ਕੌਮ ਦਾ ਮੁਸੀਬਤ ਵੇਲੇ ਐਸਾ ਸਾਹਸ ਹੋਵੇ ਉਹ ਕੌਮ ਕਦੇ ਡੋਲ ਨਹੀਂ ਸਕਦੀ, ਕਿਸੇ ਮੈਦਾਨ ਹਾਰ ਨਹੀਂ ਸਕਦੀ।

ਸਿੰਘਾਂ ਦੀ ਇਹ ਆਖ਼ਰੀ ਅਜ਼ਮਾਇਸ਼ ਸੀ। ਇਹ ਮੁਸੀਬਤ ਦੀ ਕੁਠਾਲੀ ਦਾ ਆਖਰੀ ਚੱਰਖ ਸੀ, ਜਿਸ ਵਿਚੋਂ ਖਾਲਸਾ ਕੁੰਦਨ ਬਣ ਕੇ ਨਿਕਲਿਆ। ਹੁਣ ਕਰਤਾਰ ਦਾ ਆਸਰਾ ਸੀ ਜਾਂ ਖਾਲਸੇ ਦੀ ਤਲਵਾਰ। ਅਗਲੇ ਹੀ ਸਾਲ ਕਸੂਰ ਮਾਰ ਲਈ, ਫਿਰ ਸਰਹੰਦ ਨੂੰ ਜਾ ਮਲਿਆ ਅਤੇ ਇਸ ਤੋਂ ਲੈ ਕੇ ਅਵਧ ਦੀ ਸਰਹੱਦ ਤੀਕ ਖਿੱਲਰ ਗਿਆ।

## ਕੁਰਬਾਨੀ ਤੋਂ ਮਗਰੋਂ–

ਇਸ ਪ੍ਰਸ਼ਨ ਦਾ ਉੱਤਰ ਕਿ ਮੁਸੀਬਤ ਸਮੇਂ ਖਾਲਸਈ ਕਰਤੱਵ ਕੀ ਹੁੰਦਾ ਹੈ, ਸਰਦਾਰ ਸ਼ਾਮ ਸਿੰਘ ਜੀ ਦਾ ਜੀਵਨ ਸਾਫ਼ ਦੱਸ ਰਿਹਾ ਹੈ। ਖਾਲਸਾ ਮੁਸੀਬਤਾਂ ਤੋਂ ਕਦੇ ਡਰਿਆ ਨਹੀਂ, ਮੁਸੀਬਤ ਸਮੇਂ ਖਾਲਸੇ ਦਾ ਦਿਲ ਕਦੇ ਡੋਲਿਆ ਨਹੀਂ। ਹਜ਼ਾਰਾਂ ਸਿੰਘ ਸ਼ਹੀਦ ਕਰਵਾ ਕੇ ਵੀ ਖਾਲਸਾ ਚੜ੍ਹਦੀਆਂ ਕਲਾਂ ਵਿਚ ਰਿਹਾ ਹੈ। ਖਾਲਸੇ ਦਾ ਨਿਸਚਾ ਹੈ ਕਿ ਮੁਸੀਬਤ ਆਉਂਦੀ ਹੈ ਅਤੇ ਮੁਸੀਬਤ ਚਲੀ ਜਾਂਦੀ ਹੈ, ਪਰ ਜੋ ਸੱਚੇ ਅਸੂਲ ਦਾ ਆਸਰਾ ਲੈ ਕੇ ਇਸ ਮੁਸੀਬਤ ਨੂੰ ਝਾਗ ਲੈਂਦੇ ਹਨ, ਉਹ ਆਪਣੇ ਮਨੋਰਥ ਵਿਚ ਜ਼ਰੂਰ ਕਾਮਯਾਬ ਹੁੰਦੇ ਹਨ। ਸਿੱਖ ਇਤਿਹਾਸ ਦਸਦਾ ਹੈ ਕਿ ਕਿਸੇ ਚੀਜ਼ ਦੀ ਪ੍ਰਾਪਤੀ ਕੁਰਬਾਨੀ ਤੋਂ ਬਿਨਾਂ ਨਹੀਂ ਹੁੰਦੀ ਅਤੇ ਕੁਰਬਾਨੀ ਜਿਤਨੀ ਵੱਡੀ ਹੋਵੇਗੀ, ਉਸ ਤੋਂ ਮਗਰੋਂ ਕਾਮਯਾਬੀ ਵੀ ਉਤਨੀ ਹੀ ਵੱਡੀ ਹੋਵੇਗੀ। ਇਹ ਅਟੱਲ ਨਿਯਮ ਹੈ, ਤੇ ਸਿਖ ਕੌਮ ਇਸ ਅਟੱਲ ਨਿਯਮ ਉਤੇ ਅਟੱਲ ਵਿਸ਼ਵਾਸ ਰਖਦੀ ਹੈ, ਤਾਂ ਹੀ ਕਾਮਯਾਬੀ ਹਰ ਵਾਰ ਇਸ ਦੇ ਚਰਨ ਚੁੰਮਦੀ ਹੈ। ["ਅਮਰ ਖਾਲਸਾ" ਕ੍ਰਿਤ ਸ: ਕਰਮ ਸਿੰਘ ਹਿਸਟੋਰੀਅਨ ਵਿਚੋਂ

---

**ਪਾਠਕਾਂ ਪ੍ਰਤੀ ਬੇਨਤੀ–** ਬਾਰ ਬਾਰ ਬੇਨਤੀ ਹੈ ਕਿ ਚਿੱਠੀ ਪੱਤਰ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। (੨) ਪਰਚੇ ਨੂੰ ੧੫ ਤਰੀਕ ਤਕ ਜ਼ਰੂਰੀ ਉਡੀਕੋ, ਕਿਉਂਕਿ ਡਾਕ ਪਰਬੰਧ ਬਹੁਤ ਖ਼ਰਾਬ ਹੈ। ੧੫ ਤੋਂ ਬਾਅਦ ਦੁਬਾਰਾ ਪਰਚਾ ਭੇਜਣ ਲਈ ਕਾਰਡ ਲਿਖੋ। (੩) ਚੰਦਾ ਖਤਮ ਹੋਣ ਦੀ ਮੋਹਰ ਦੇਖਦਿਆਂ ਤੁਰਤ ਚੰਦਾ ਭੇਜ ਦਿਓ ਜੀ।


www.AKJ.Org

# ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਧੋਬੜੀ (ਅਸਾਮ)

-[ਗਿਆਨੀ ਬੇਅੰਤ ਸਿੰਘ ਜੀ "ਅਚਿੰਤ"]

ਜਗਤ ਤਾਰਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੇ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀ ਚਰਨ-ਛੋਹ ਪ੍ਰਾਪਤ ਇਹ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਪੂਰਬੀ ਭਾਰਤ ਦੇ ਅਸਾਮ ਰਾਜ ਵਿਚ ਧੋਬੜੀ ਸ਼ਹਿਰ ਵਿਖੇ ਭਾਰਤ ਦੇ ਸਭ ਤੋਂ ਵਡੇ ਤੇ ਖਤਰਨਾਕ ਦਰਿਆ ਬ੍ਰਹਮ ਪੁਤਰ ਦੇ ਸੱਜੇ ਕਿਨਾਰੇ ਤੇ ਸਥਿਤ ਹੈ।

ਸਭ ਤੋਂ ਪਹਿਲਾਂ ਇਸ ਅਸਥਾਨ ਤੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੀ ਪਹਿਲੀ ਉਦਾਸੀ ਸਮੇਂ ਭਾਈ ਮਰਦਾਨਾ ਜੀ ਨਾਲ ਪਧਾਰੇ ਸਨ। ਇਸ ਜਗ੍ਹਾ ਗੁਰੂ ਜੀ ਨੇ ਜਾਦੂ-ਮੰਤਰ ਕਰਨ ਵਾਲਿਆਂ ਤੋਂ ਭੁਲੇ ਭਟਕੇ ਇਨਸਾਨਾਂ ਨੂੰ ਸਿਧੇ ਰਾਹੇ ਪਾਇਆ ਤੇ ਇਕ ਅਕਾਲ ਪੁਰਖ ਦੀ ਪੂਜਾ ਕਰਨ ਦੀ ਪ੍ਰੇਰਨਾ ਦਿਤੀ ਤੇ ਸਤਿਨਾਮ ਦਾ ਜਾਪ ਜਪਾਇਆ।

ਫਿਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਭਾਈ ਮਤੀਦਾਸ ਜੀ ਤੇ ਹੋਰ ਸਿਖਾਂ ਸਮੇਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖੀ ਨੂੰ ਸੰਭਾਲਣ ਤੇ ਸਿਖ ਧਰਮ ਦਾ ਪਰਚਾਰ ਕਰਨ ਲਈ ਪੂਰਬੀ ਭਾਰਤ ਦੀ ਯਾਤਰਾ ਸਮੇਂ ਏਥੇ ਪਧਾਰੇ। ਇਸ ਅਸਥਾਨ ਤੇ ਹੀ ਗੁਰੂ ਜੀ ਨੂੰ ਆਪਣੇ ਸਾਹਿਬਜ਼ਾਦੇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ) ਦੇ ਪਟਨੇ ਵਿਖੇ ਅਵਤਾਰ ਧਾਰਨ ਦੀ ਖੁਸ਼ੀ-ਭਰੀ ਖਬਰ ਮਿਲੀ ਸੀ।

ਸੰਨ ੧੬੬੫ ਈ: ਤੋਂ ੧੬੬੯ ਈ: ਤੀਕ ਦਿੱਲੀ ਦਰਬਾਰ, ਜਿਸ ਉਤੇ ਔਰੰਗਜ਼ੇਬ ਕਾਬਜ਼ ਸੀ, ਦੀ ਕਾਮਰੂਪ ਦੇ ਅਹੋਮ ਕਬੀਲੇ ਦੀਆਂ ਫੌਜਾਂ ਨਾਲ ਇਲਾਕਾ-ਕਬਜ਼ੇ ਸਬੰਧੀ ਕਾਫੀ ਵਾਦ-ਵਿਵਾਦ ਤੇ ਜੰਗ ਚਲਦੀ ਸੀ। ਕਾਮਰੂਪ ਦੀ ਮੁਹਿੰਮ ਨੂੰ ਫਤਹ ਕਰਨ ਲਈ ਔਰੰਗਜ਼ੇਬ ਦੇ ਭੇਜੇ ਕਈ ਸੈਨਾਪਤੀ, ਮੀਰ ਜੁਮਲਾ ਆਦਿਕ ਮਰ ਚੁਕੇ ਸਨ, ਪਰ ਜਿੱਤ ਨਹੀਂ ਸੀ ਹੋਈ। ਜਿਸ ਤੋਂ ਔਰੰਗਜ਼ੇਬ ਕਾਫ਼ੀ ਚਿੰਤਤ ਸੀ।

ਅਖ਼ੀਰ ਫੈਸਲਾ ਹੋਇਆ ਕਿ ਇਸ ਮੁਹਿੰਮ ਨੂੰ ਸਰ ਕਰਨ ਲਈ ਰਾਜਾ ਮਿਰਜ਼ਾ ਜੈ ਸਿੰਘ ਦੇ ਲੜਕੇ ਰਾਜਾ ਰਾਮ ਸਿੰਘ ਜੈਪੁਰੀਏ ਨੂੰ ਫੌਜ ਦੇ ਕੇ ਭੇਜਿਆ ਜਾਵੇ। ਇਸ ਵਿਚ ਵੀ ਔਰੰਗਜ਼ੇਬ ਦੀ ਦੋਹਰੀ ਚਾਲ ਸੀ। ਔਰੰਗਜ਼ੇਬ ਰਾਜਾ ਰਾਮ ਸਿੰਘ ਦਾ ਇਸ ਕਰਕੇ ਅੰਦਰੋਂ ਵਿਰੋਧੀ ਸੀ ਕਿਉਂਕਿ ਉਹਦੀ ਹਿਰਾਸਤ ਵਿਚੋਂ ਸ਼ਿਵਾ ਜੀ ਮਰਹੱਟਾ ਨਿਕਲ ਗਏ ਸਨ। ਇਸ ਗੱਲ ਦਾ ਬਦਲਾ ਲੈਣ ਲਈ ਵੀ ਇਹ ਸੁਨਹਿਰੀ ਮੌਕਾ ਸੀ ਕਿ ਜੇਕਰ ਰਾਜਾ ਰਾਮ ਸਿੰਘ ਇਸ ਮੁਹਿੰਮ ਤੇ ਜਾ ਕੇ ਮਰ ਗਿਆ ਤਾਂ ਇਕ ਦੁਸ਼ਮਣ ਖ਼ਤਮ ਹੋ ਜਾਵੇਗਾ ਅਤੇ ਜੇਕਰ ਇਹ ਮੁਹਿੰਮ ਜਿੱਤ ਗਿਆ ਤਾਂ ਇਸ ਨੂੰ ਉਥੇ ਦਾ ਇਲਾਕਾ ਸੌਂਪ ਕੇ ਆਪਣਾ ਆਪ ਉਸ ਪਾਸੋਂ ਸੁਰੱਖਿਅਤ ਰੱਖ ਸਕੇਗਾ।

ਰਾਜਾ ਰਾਮ ਸਿੰਘ ਨੂੰ ਇਸ ਮਕਸਦ ਵਾਸਤੇ ਕਾਫ਼ੀ ਮਾਤਰਾ ਵਿਚ ਮਾਲ-ਅਸਬਾਬ ਅਤੇ ੬੨੦੦੦ (ਬਾਹਠ ਹਜ਼ਾਰ) ਫ਼ੌਜ ਦੇ ਸਿਪਾਹੀ ਵੀ ਦਿਤੇ ਗਏ, ਜਿਸ ਵਿਚ ੧੨੦੦੦ (ਬਾਰਾਂ ਹਜ਼ਾਰ) ਕੇਵਲ ਮੁਸਲਮਾਨ ਫੌਜ ਇਸ ਕਰਕੇ ਨਾਲ ਭੇਜੀ ਗਈ ਕਿ ਜੇਕਰ ਰਾਜਾ ਕਾਮਰੂਪ ਦੇ ਅਹੋਮ ਰਾਜਾ ਚੱਕਰਧਵਜ ਸਿੰਘ ਨਾਲ ਯੁਧ ਕਰੇ ਤਾਂ ਉਸ ਦੀ ਮਦਦ ਕੀਤੀ ਜਾਵੇ ਅਤੇ ਜੇਕਰ ਰਾਜਾ ਰਾਮ ਸਿੰਘ ਕਾਮਰੂਪ ਦੇ ਅਹੋਮ ਰਾਜਾ ਚੱਕਰਧਵਜ ਸਿੰਘ ਨਾਲ ਹਿੰਦੂ ਹੋਣ ਦੇ ਨਾਤੇ ਸੁਲਾਹ ਕਰ ਲਵੇ ਤਾਂ ਰਾਜਾ ਰਾਮ ਸਿੰਘ ਨੂੰ ਖਤਮ ਕਰ ਦਿਤਾ ਜਾਵੇ।

ਰਾਜਾ ਰਾਮ ਸਿੰਘ ਨੇ ਇਸ ਮੁਹਿੰਮ ਤੇ ਜਾਣ ਤੋਂ ਪਹਿਲਾਂ ਆਪਣੇ ਪ੍ਰਵਾਰ ਵਿਚ ਆ ਕੇ ਜਾਣ ਦੀ ਆਗਿਆ ਮੰਗੀ ਤੇ ਦਸਿਆ ਕਿ ਉਹ ਇਕ ਐਸੀ ਮੁਹਿੰਮ ਤੇ ਜਾ ਰਿਹਾ ਹੈ ਜਿਥੇ ਜਾਦੂਗਰਾਂ ਤੇ ਬੀਮਾਰੀ ਦਾ ਕਾਫੀ ਜ਼ੋਰ ਹੈ ਅਤੇ ਉਥੋਂ ਜ਼ਿੰਦਾ ਵਾਪਸ ਆਉਣਾ ਮੁਸ਼ਕਿਲ ਹੈ। ਇਸ ਗੱਲ ਤੇ ਰਾਜਾ ਜੀ ਦੀ ਮਾਤਾ ਪੁਸ਼ਪਾ



www.AKJ.Org

ਦੇਵੀ ਨੇ ਰਾਜਾ ਨੂੰ ਕਿਹਾ ਕਿ, "ਅਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਨੂੰ ਮੰਨਦੇ ਹਾਂ। ਇਸ ਸਮੇਂ ਉਸ ਗੱਦੀ ਤੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਿਰਾਜਮਾਨ ਹਨ ਅਤੇ ਉਹ ਵੀ ਪੂਰਬੀ ਭਾਰਤ ਦੀ ਯਾਤਰਾ ਤੇ ਹਨ, ਤੁਸੀਂ ਉਹਨਾਂ ਨੂੰ ਮਿਲ ਕੇ ਉਹਨਾਂ ਦੀ ਸਹਾਇਤਾ ਪ੍ਰਾਪਤ ਕਰੋ।"

ਇਸ ਵਿਚਾਰ ਨੂੰ ਮਨ ਵਿਚ ਰਖ ਕੇ ਰਾਜਾ ਆਪਣੀ ਮੁਹਿੰਮ ਲਈ ਚਲ ਪਿਆ ਤੇ ਪਟਨਾ ਵਿਖੇ ਪਹੁੰਚ ਕੇ ਰਾਜਾ ਦਾ ਗੁਰੂ ਜੀ ਨਾਲ ਮੇਲ ਹੋ ਗਿਆ ਤੇ ਉਨ੍ਹਾਂ ਪਾਸ ਸਹਾਇਤਾ ਕਰਨ ਲਈ ਬੇਨਤੀ ਕੀਤੀ। ਗੁਰੂ ਜੀ ਨੇ ਰਾਜੇ ਦੀ ਬੇਨਤੀ ਪਰਵਾਨ ਕਰ ਲਈ ਅਤੇ ਉਸ ਨਾਲ ਜਾਣ ਲਈ ਤਿਆਰ ਹੋ ਗਏ।

ਗੁਰੂ ਜੀ ਆਪਣਾ ਸਾਰਾ ਪ੍ਰਵਾਰ ਪਟਨਾ ਸਾਹਿਬ ਵਿਖੇ ਛੱਡ ਕੇ ਕਾਮਰੂਪ ਤੇ ਢਾਕਾ ਵਲ ਚਲ ਪਏ। ਗੁਰੂ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਚਰਨ-ਛੋਹ-ਪ੍ਰਾਪਤ-ਅਸਥਾਨ ਧੋਬੜੀ (ਅਸਾਮ) ਵਿਖੇ ਜਾ ਡੇਰਾ ਕੀਤਾ ਤੇ ਰਾਜਾ ਰਾਮ ਸਿੰਘ ਨੇ ਰੰਗਾ-ਮਾਟੀ ਦੇ ਆਸ ਪਾਸ ਕੈਂਪ ਲਗਾ ਲਿਆ। ਸਾਰੀ ਫ਼ੌਜ ਰੰਗਾ-ਮਾਟੀ ਤੇ ਧੋਬੜੀ ਦੇ ਆਸ ਪਾਸ ਉਚੀ ਜਗ੍ਹਾ ਤੇ ਦਰਿਆ ਬ੍ਰਹਮਪੁਤਰ ਦੇ ਕਿਨਾਰੇ ਉਤਾਰੀ ਗਈ।

ਜਦੋਂ ਇਸ ਗੱਲ ਦਾ ਪਤਾ ਦਰਿਆ ਪਾਰ ਕਾਮਰੂਪ ਦੇ ਰਾਜਾ ਚੱਕਰਧਵਜ ਸਿੰਘ ਨੂੰ ਲੱਗਾ ਕਿ ਰਾਜਾ ਰਾਮ ਸਿੰਘ ਕਾਫ਼ੀ ਫ਼ੌਜ ਲੈ ਕੇ ਮੇਰੇ ਉਤੇ ਹਮਲਾ ਕਰਨ ਆਇਆ ਹੈ ਤਾਂ ਉਸ ਨੇ ਵੀ ਤਿਆਰੀ ਕਰਨੀ ਸ਼ੁਰੂ ਕਰ ਦਿਤੀ ਅਤੇ ਸਭ ਤੋਂ ਪਹਿਲਾਂ ਗੁਆਲਪਾੜਾ ਦੀ ਮਸ਼ਹੂਰ ਜਾਦੂਗਰਨੀ ਧੋਬਣ ਨੇਤਾ ਨੂੰ ਸਦ ਕੇ ਕਿਹਾ ਕਿ ਦੁਸ਼ਮਨ ਦੀਆਂ ਫ਼ੌਜਾਂ ਦਾ ਜਾਦੂ ਮੰਤਰਾਂ ਦੇ ਬਲ ਨਾਲ ਭਾਰੀ ਨੁਕਸਾਨ ਕਰ ਕੇ ਤਬਾਹੀ ਮਚਾ ਦਿਤੀ ਜਾਵੇ।

ਨੇਤਾ ਧੋਬਣ ਨੇ ਆਪਣੇ ਸਾਥ ਦੀਆਂ ਜੰਤਰ-ਮੰਤਰ ਕਰਨ ਵਾਲੀਆਂ ਸਾਰੀਆਂ ਤੀਵੀਆਂ ਤੇ ਮਰਦਾਂ ਨੂੰ ਇਕੱਠਾ ਕਰ ਕੇ ਜੰਤਰਾਂ-ਮੰਤਰਾਂ ਨਾਲ ਆਪਣਾ ਸਾਰਾ ਤ੍ਰਾਣ ਲਾ ਦਿਤਾ, ਪਰ ਉਸ ਮਹਾਨ-ਆਤਮਾ ਸਤਿਗੁਰੂ ਦੇ ਸਾਹਮਣੇ, ਜਿਸ ਦੇ ਚਰਨਾਂ ਵਿਚ ਸਭ ਸ਼ਕਤੀਆਂ ਰੁਲਦੀਆਂ ਫਿਰਦੀਆਂ ਹਨ, ਉਸ ਦੀ ਕੋਈ ਪੇਸ਼ ਨਾ ਜਾ ਸਕੀ। ਸਗੋਂ ਉਸ ਦੇ ਸਾਥੀ ਆਪਣੇ ਜੰਤਰਾਂ-ਮੰਤਰਾਂ ਨਾਲ ਆਪ ਹੀ ਤਬਾਹ ਹੋ ਕੇ ਖਤਮ ਹੋ ਗਏ। ਇਹ ਵੇਖ ਕੇ ਉਸ ਨੇ ਗੁੱਸੇ ਵਿਚ ਇਕ ਬਹੁਤ ਵੱਡਾ ਭਾਰੀ ਪੱਥਰ ਗੁਰੂ ਜੀ ਤੇ ਮਾਰੂ ਹਮਲਾ ਕਰਨ ਲਈ ਮਾਰਿਆ, ਜੋ ਗੁਰੂ ਜੀ ਦੇ ਹੱਥ ਦੇ ਇਸ਼ਾਰੇ ਨਾਲ, ਗੁਰੂ ਜੀ ਤੋਂ ਕੁਝ ਦੂਰ ਹੀ ਡਿਗ ਪਿਆ ਤੇ ਧਰਤੀ ਵਿਚ ਗਡਿਆ ਗਿਆ। ਜੋ ਹੁਣ ਵੀ ਸਟੇਟ ਬੈਂਕ ਪਾਸ ਮੌਜੂਦ ਹੈ।

ਧੋਬਣ ਨੇਤਾ ਆਪਣਾ ਇਹ ਵਾਰ ਵੀ ਖ਼ਾਲੀ ਜਾਂਦਾ ਦੇਖ ਕੇ ਬੜੀ ਘਬਰਾਈ ਤੇ ਮਨ ਨਾਲ ਸੋਚਿਆ ਕਿ ਮੇਰੇ ਨਾਲੋਂ ਵੀ ਵੱਡਾ ਕਿਹੜਾ ਜਾਦੂਗਰ ਆ ਗਿਆ, ਜਿਸ ਦੇ ਅਗੇ ਮੇਰੀ ਸ਼ਕਤੀ ਤੁਛ ਹੈ। ਉਸ ਨੇ ਇਕ ਬਹੁਤ ਵਡਾ ਪਿੱਪਲ ਦਾ ਰੁੱਖ ਜੜ੍ਹਾਂ ਸਮੇਤ ਪੁਟਿਆ ਤੇ ਉਹਦੇ ਉਤੇ ਸਵਾਰ ਹੋ ਕੇ ਗੁਰੂ ਜੀ ਦਾ ਪਤਾ ਕਰਨ ਆਈ, ਪਰ ਗੁਰੂ ਜੀ ਨੇ ਉਸ ਪਿੱਪਲ ਨੂੰ ਹੱਥ ਦੇ ਇਸ਼ਾਰੇ ਨਾਲ ਹਵਾ ਵਿਚ ਹੀ ਰੋਕ ਦਿਤਾ। ਜਿਸ ਨਾਲ ਧੋਬਣ ਨੇਤਾ ਦੀ ਸਾਰੀ ਸ਼ਕਤੀ ਖਤਮ ਹੋ ਗਈ। ਧੋਬਣ ਨੇਤਾ ਨੇ ਗੁਰੂ ਜੀ ਨੂੰ ਸਾਖਸ਼ਾਤ ਪ੍ਰਮਾਤਮਾ ਦਾ ਰੂਪ ਜਾਣ ਲਿਆ ਅਤੇ ਅੱਖਾਂ ਮੀਟ ਕੇ ਗੁਰੂ ਜੀ ਦੇ ਚਰਨਾਂ ਦਾ ਧਿਆਨ ਕੀਤਾ ਤੇ ਮਨ ਹੀ ਮਨ ਵਿਚ ਪਛਤਾਈ ਤੇ ਮੁਆਫ਼ੀ ਮੰਗੀ।

ਫਿਰ ਕੀ ਸੀ, ਗੁਰੂ ਜੀ ਨੇ ਧੋਬਣ ਨੇਤਾ ਨੂੰ ਕਿਹਾ ਕਿ ਪਿੱਪਲ ਤਾਂ ਥਲੇ ਨਹੀਂ ਆਉਣਾ, ਇਸਦੀਆਂ ਟਾਹਣੀਆਂ ਤੇ ਜੜ੍ਹਾਂ ਦੇ ਸਹਾਰੇ ਨਾਲ ਥੱਲੇ ਉੱਤਰ ਆ। ਉਸ ਨੇ ਏਦਾਂ ਹੀ ਕੀਤਾ ਤੇ ਗੁਰੂ ਜੀ ਦੇ ਚਰਨਾਂ ਤੇ ਡਿਗ ਪਈ। ਦਇਆ ਦੇ ਪੁੰਜ ਗੁਰੂ ਜੀ ਨੇ ਉਸ ਨੂੰ ਬਖਸ਼ ਦਿਤਾ ਤੇ ਮੁਕਤੀ ਦਿਤੀ।

ਉਧਰ ਰਾਜਾ ਚੱਕਰਧਵਜ ਸਿੰਘ ਨੂੰ ਜਦੋਂ ਇਸ ਸਾਰੀ ਘਟਨਾ ਦਾ ਪਤਾ ਲਗਾ ਤਾਂ ਉਸ ਨੇ ਜੰਗ ਕਰਨ ਦੀ ਪੂਰੀ ਤਿਆਰੀ ਕੀਤੀ ਤੇ ਰਾਤ ਤੀਕ ਦਰਿਆ ਦੇ ਉਸ ਕਿਨਾਰੇ ਫ਼ੌਜ ਦਾ ਉਤਾਰਾ ਕਰ ਦਿਤਾ ਕਿ ਸਵੇਰੇ ਹਮਲਾ ਕੀਤਾ ਜਾਵੇਗਾ। ਰਾਤ ਨੂੰ ਸੌਣ ਸਮੇਂ ਰਾਜੇ ਨੇ ਆਪਣਾ ਮੁਕਟ, ਹੋਰ ਸ਼ੱਸਤਰ-ਬੱਸਤਰ ਤੇ ਜੰਗ ਦਾ



www.AKJ.Org

ਸਮਾਨ ਸਰੀਰ ਤੋਂ ਉਤਾਰ ਕੇ ਇਕ ਲੱਕੜ ਦੀ ਚੌਕੀ ਤੇ ਰੱਖ ਦਿਤਾ ਤੇ ਸਵੇਰ ਦੀ ਇੰਤਜ਼ਾਰ ਵਿਚ ਅਰਾਮ ਕਰਨ ਲਗਾ।

ਏਧਰ ਆਤਮਕ ਬਲ ਦੇ ਧਨੀ ਸਤਿਗੁਰੂ ਜੀ ਦੇ ਚਰਨਾਂ ਵਿਚ ਵਸਦੀਆਂ ਸ਼ਕਤੀਆਂ ਸਦਕਾ ਐਸਾ ਕ੍ਰਿਸ਼ਮਾ ਵਰਤਿਆ ਕਿ ਰਾਜੇ ਦਾ ਮੁਕਟ ਤੇ ਹੋਰ ਸਾਮਾਨ ਰਾਤ ਦੇ ਸਮੇਂ ਸਤਿਗੁਰਾਂ ਦੇ ਚਰਨਾਂ ਵਿਚ ਪੁਜ ਗਿਆ। ਜਦੋਂ ਸਵੇਰ ਹੋਈ ਤਾਂ ਰਾਜਾ ਆਪਣਾ ਮੁਕਟ ਤੇ ਹੋਰ ਸਾਮਾਨ ਗੁੰਮ ਦੇਖ ਕੇ ਭਾਰੀ ਚਿੰਤਾ ਵਿਚ ਇਧਰ ਉਧਰ ਭਾਲ ਕਰਨ ਲਗਾ। ਰਾਜਾ ਹੈਰਾਨ ਸੀ ਕਿ ਜੰਗ ਦੇ ਮੈਦਾਨ ਵਿਚੋਂ, ਜਦੋਂ ਕਿ ਹਜ਼ਾਰਾਂ ਦੀ ਗਿਣਤੀ ਵਿਚ ਫੌਜ ਤਾਇਨਾਤ ਹੈ, ਉਹਦਾ ਇਹ ਸਮਾਨ ਗੁੰਮ ਕਿਸ ਤਰ੍ਹਾਂ ਹੋ ਗਿਆ ?

ਜਦੋਂ ਕਿਧਰੇ ਵੀ ਸਾਮਾਨ ਨਾ ਲੱਭਾ ਤਾਂ ਰਾਜੇ ਦੀ ਮਾਤਾ, ਜੋ ਕਮਾਖਿਆ ਦੇਵੀ ਦੀ ਉਪਾਸ਼ਕ ਸੀ, ਉਸ ਨੇ ਦੇਵੀ ਦੀ ਅਰਾਧਨਾ ਕੀਤੀ। ਜਦੋਂ ਦੇਵੀ ਪ੍ਰਗਟ ਹੋਈ ਤਾਂ ਰਾਜੇ ਦੀ ਮਾਤਾ ਨੇ ਆਪਣੇ ਪੁੱਤਰ ਅਹੋਮ ਰਾਜਾ ਚੱਕ੍ਰਧਵਜ ਸਿੰਘ ਦੇ ਰਾਤ ਜੰਗ ਦੇ ਮੈਦਾਨ ਵਿਚੋਂ ਸਾਮਾਨ ਤੇ ਮੁਕਟ ਗੁੰਮ ਹੋ ਜਾਣ ਦੀ ਸਾਰੀ ਘਟਨਾ ਦਸੀ ਅਤੇ ਆਪਣੇ ਪੁੱਤਰ ਦੀ ਸਹਾਇਤਾ ਕਰਨ ਲਈ ਵੀ ਬੇਨਤੀ ਕੀਤੀ। ਮਾਤਾ ਨੂੰ ਕਿਹਾ ਕਿ "ਰਾਜਾ ਰਾਮ ਸਿੰਘ ਨਾਲ ਖੁਦ ਆਪ ਪ੍ਰਮਾਤਮਾ ਦਾ ਰੂਪ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਏ ਹਨ ਤੇ ਉਹ ਰਾਜੇ ਦੇ ਅੰਗ ਸੰਗ ਸਾਥ ਹਨ। ਤੇਰੇ ਪੁੱਤਰ ਦਾ ਮੁਕਟ ਤੇ ਸਾਮਾਨ ਵੀ ਗੁਰੂ ਜੀ ਦੇ ਚਰਨਾਂ ਵਿਚ ਪੁਜ ਗਿਆ ਹੈ। ਇਸ ਲਈ ਭਲਾ ਏਸੇ ਵਿਚ ਹੈ ਕਿ ਤੇਰਾ ਪੁੱਤਰ ਗੁਰੂ ਜੀ ਪਾਸ ਜਾ ਕੇ ਮੁਆਫ਼ੀ ਮੰਗੇ, ਜੰਗ ਨਾ ਕਰੇ ਤੇ ਕਰ ਲਵੇ। ਮੈਂ ਮਦਦ ਕਰਨ ਤੋਂ ਅਸਮਰੱਥ ਹਾਂ। ਮੈਂ ਤਾਂ ਉਸ ਰੱਬੀ ਜੋਤਿ ਦੀ ਦਾਸੀ ਹਾਂ।"

ਇਹ ਸਾਰੀ ਗੱਲ ਜਦੋਂ ਮਾਤਾ ਨੇ ਰਾਜਾ ਨੂੰ ਦੱਸੀ ਤਾਂ ਰਾਜੇ ਨੇ ਪਿਛਲੀ ਬੀਤੀ ਸਾਰੀ ਘਟਨਾ ਨੂੰ ਸੋਚਿਆ ਵਿਚਾਰਿਆਂ ਤਾਂ ਅਸਲੀਅਤ ਸਾਹਮਣੇ ਆ ਗਈ। ਗੁਰੂ ਜੀ ਨੂੰ ਮਿਲਣ ਵਾਸਤੇ ਗੁਰੂ ਜੀ ਪਾਸ ਆਪਣਾ ਦੂਤ ਭੇਜਿਆ। ਗੁਰੂ ਜੀ ਨੇ ਮਿਲਣ ਦੀ ਆਗਿਆ ਦੇ ਦਿਤੀ। ਰਾਜਾ ਆਪਣੀਆਂ ਫੌਜਾਂ ਸਮੇਤ ਗੁਰੂ ਜੀ ਦੇ ਦਰਬਾਰ ਧੋਬੜੀ ਸਾਹਿਬ (ਅਸਾਮ) ਹਾਜ਼ਰ ਹੋਇਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਰਾਜਾ ਰਾਮ ਸਿੰਘ ਜੈਪੁਰੀਏ ਤੇ ਅਹੋਮ ਰਾਜਾ ਪ੍ਰਣਪਾਲ ਚੱਕਰਧਵਜ ਸਿੰਘ ਵਿਚਕਾਰ ਸੁਲਾਹ ਕਰਵਾ ਕੇ ਇਕ ਬਹੁਤ ਵਡੀ ਭਿਅੰਕਰ ਤੇ ਖੂਨੀ ਜੰਗ ਹੋਣੋਂ ਰੋਕ ਦਿਤੀ। ਦੋਵਾਂ ਰਾਜਿਆਂ ਦੀਆਂ ਪੱਗਾਂ ਵਟਾ ਕੇ ਭਰਾ ਭਰਾ ਬਣਾ ਦਿਤਾ ਤੇ ਦੋਵਾਂ ਰਾਜਿਆਂ ਨੇ ਹੋਰ ਵੀ ਕੀਮਤੀ ਹੀਰੇ, ਮੋਤੀ ਤੇ ਜਵਾਹਰਾਤਾਂ ਦਾ ਆਪਸ ਵਿਚ ਵਟਾਂਦਰਾ ਕੀਤਾ।

ਇਸ ਸੁਲ੍ਹਾ ਦੀ ਖੁਸ਼ੀ ਵਿਚ ਦੋਵਾਂ ਰਾਜਿਆਂ ਨੇ ਗੁਰੂ ਜੀ ਪਾਸੋਂ ਕੋਈ ਸੇਵਾ ਮੰਗੀ ਤਾਂ ਗੁਰੂ ਜੀ ਨੇ ਕਿਹਾ, "ਇਹ ਪਿੱਪਲ ਦਾ ਰੁਖ ਜੋ ਹਵਾ ਵਿਚ ਖੜਾ ਹੈ, ਇਸ ਦੀ ਮੁਕਤੀ ਕਰਨੀ ਹੈ ਤੇ ਇਹ ਥੜਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਯਾਦਗਾਰ ਹੈ। ਏਸ ਲਈ ਏਨੀ ਮਿੱਟੀ ਪਾਈ ਜਾਵੇ ਕਿ ਪਿੱਪਲ ਦੇ ਰੁਖ ਦੀਆਂ ਜੜ੍ਹਾਂ ਉਸ ਮਿੱਟੀ ਵਿਚ ਲੁਕ ਜਾਣ।"

ਗੁਰੂ ਜੀ ਦਾ ਹੁਕਮ ਮੰਨ ਕੇ ਦੋਵਾਂ ਰਾਜਿਆਂ ਦੀਆਂ ਫੌਜਾਂ ਦੇ ਹਰ ਇਕ ਸਿਪਾਹੀ ਨੇ ਪੰਜ ਪੰਜ ਢਾਲਾਂ (ਪੰਜ ਲੱਖ ਢਾਲਾਂ)ਮਿੱਟੀ ਦੀਆਂ ਪਾ ਕੇ ਪਿੱਪਲ ਦੇ ਰੁਖ ਦੀਆਂ ਜੜ੍ਹਾਂ ਨੂੰ ਉਸ ਮਿੱਟੀ ਦੇ ਢੇਰ ਵਿਚ ਲੁਕਾ ਦਿਤਾ ਅਤੇ ਗੁਰੂ ਜੀ ਦੇ ਬੈਠਣ ਲਈ ਥੜਾ ਬਣਾ ਦਿਤਾ,ਜਿਸ ਤੇ ਖੁਸ਼ੀ ਨਾਲ ਗੁਰੂ ਜੀ ਬਿਰਾਜਮਾਨ ਹੋ ਕੇ ਕਈ ਮਹੀਨੇ ਸੰਗਤਾਂ ਨੂੰ ਪ੍ਰਭੂ-ਭਗਤੀ ਦਾ ਉਪਦੇਸ਼ ਕਰਦੇ ਰਹੇ। ਸ਼ਹਿਰ ਦਾ ਨਾਮ ਧੋਬਣ ਤੋਂ ਹੀ ਧੋਬੜੀ ਰਖਿਆ ਗਿਆ।

ਇਸ ਸਾਰੀ ਘਟਨਾ ਦੀ ਖਬਰ ਜਦੋਂ ਤ੍ਰੀਪੁਰਾ ਦੇਸ਼ ਦੇ ਰਾਜਾ ਰਾਮ ਰਾਇ, ਜੋ ਉਹਨੀਂ ਦਿਨੀਂ ਗੋਰੀਪੁਰ ਆਇਆ ਹੋਇਆ ਸੀ, ਪਾਸ ਪੁਜੀ ਤਾਂ ਉਹ ਵੀ ਆਪਣੀ ਰਾਣੀ ਸਮੇਤ ਗੁਰੂ ਜੀ ਦੇ ਦਰਬਾਰ ਹਾਜ਼ਰ ਹੋਇਆ। ਰਾਜਾ ਰਾਮ ਰਾਇ ਜੋ ਕਾਫੀ ਬਜ਼ੁਰਗ ਹੋ ਚੁਕਾ ਸੀ, ਦੇ ਘਰ ਕੋਈ ਔਲਾਦ ਨਹੀਂ ਸੀ। ਪੁਤਰ ਦੀ ਮੁਰਾਦ ਮਨ


www.AKJ.Org

ਵਿਚ ਰਖ ਕੇ ਕੁਝ ਦਿਨ ਰਾਜਾ ਤੇ ਰਾਣੀ ਗੁਰੂ ਜੀ ਪਾਸ ਰਹੇ, ਪਰ ਬਜ਼ੁਰਗੀ ਹੋਣ ਕਰਕੇ ਆਪਣੇ ਮਨ ਦੀ ਗੱਲ ਗੁਰੂ ਜੀ ਨੂੰ ਨਾ ਦਸ ਸਕੇ।

ਜਦੋਂ ਰਾਜਾ ਨੇ ਜਾਣ ਲਈ ਗੁਰੂ ਜੀ ਪਾਸੋਂ ਆਗਿਆ ਮੰਗੀ ਤਾਂ ਗੁਰੂ ਜੀ ਨੇ ਕਿਹਾ, "ਰਾਜਾ, ਜੋ ਮੁਰਾਦ ਮਨ ਵਿਚ ਲੈ ਕੇ ਆਇਆ ਸੈਂ, ਉਹ ਦਸੀ ਨਹੀਂ।" ਇਸ ਤੇ ਰਾਜਾ ਗੁਰੂ ਜੀ ਦੇ ਚਰਨਾਂ ਤੇ ਡਿੱਗਾ ਤੇ ਕਿਹਾ, "ਆਪ ਜੀ ਜਾਣਦੇ ਹੀ ਹੋ ਤਾਂ ਕਿਰਪਾ ਕਰੋ, ਪੁੱਤਰ ਦੀ ਦਾਤ ਬਖਸ਼ੋ।"

ਗੁਰੂ ਜੀ ਨੇ ਰਾਜਾ ਨੂੰ ਕਿਹਾ, "ਤੇਰੇ ਘਰ ਔਲਾਦ ਤਾਂ ਨਹੀਂ ਹੈ, ਪਰ ਸਾਡੇ ਗ੍ਰਿਹ ਦੋ ਪੁੱਤਰ ਹੋਣੇ ਸਨ। ਇਕ ਦਾ ਪਟਨਾ ਵਿਖੇ ਜਨਮ ਹੋਇਆ ਹੈ, ਦੂਜਾ ਆਪ ਜੀ ਦੇ ਘਰ ਜਨਮ ਲਏਗਾ।" ਇਸ ਤੇ ਰਾਣੀ ਨੇ ਕਿਹਾ "ਮਹਾਰਾਜ, ਮੈਂ ਕਈ ਦੇਵੀ ਦੇਵਤਿਆਂ ਤੇ ਪੀਰਾਂ ਫਕੀਰਾਂ ਦੀ ਪੂਜਾ ਕੀਤੀ ਹੈ। ਮੈਨੂੰ ਕਈਆਂ ਨੇ ਵਰ ਦਿਤਾ ਹੈ, ਇਹ ਕਿਵੇਂ ਪਤਾ ਚਲੇਗਾ ਕਿ ਜੋ ਪੁੱਤਰ ਹੋਏਗਾ ਉਹ ਆਪ ਜੀ ਦੇ ਵਰ ਸਦਕਾ ਹੋਇਆ ਹੈ।" ਤਾਂ ਗੁਰੂ ਜੀ ਨੇ ਆਪਣੇ ਹੱਥ ਦੀ ਅੰਗੂਠੀ ਦਾ '੧ੴ' ਦਾ ਨਿਸ਼ਾਨ ਰਾਜਾ ਦੇ ਪੱਟ ਤੇ ਲਗਾ ਦਿਤਾ ਤੇ ਕਿਹਾ ਕਿ "ਜੋ ਪੁੱਤਰ ਤੁਹਾਡੇ ਘਰ ਜਨਮੇਗਾ, ਉਸ ਦੇ ਮਥੇ ਤੇ ਇਹ '੧ੴ' ਦਾ ਨਿਸ਼ਾਨ ਹੋਵੇਗਾ। ਉਸ ਦਾ ਨਾਮ ਰਤਨ ਰਾਇ ਰਖਣਾ।"

ਇਕ ਸਾਲ ਬਾਅਦ ਰਾਜਾ ਰਾਮ ਰਾਇ ਦੇ ਘਰ ਲੜਕਾ ਪੈਦਾ ਹੋਇਆ, ਜਿਸ ਦੇ ਮਥੇ ਤੇ ਉਹੋ '੧ੴ' ਦਾ ਨਿਸ਼ਾਨ ਸੀ। ਉਹਦਾ ਨਾਮ ਰਤਨ ਰਾਇ ਰਖਿਆ ਗਿਆ। ਜੋ ਵੱਡਾ ਹੋ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਅਨੰਦਪੁਰ ਸਾਹਿਬ ਵਿਖੇ ਪ੍ਰਸਾਦੀ ਹਾਥੀ, ਚੰਦਨ ਦੀ ਚੌਕੀ, ਪੰਜ ਕਲਾ ਸ਼ਸਤਰ, ਹੀਰੇ ਜਵਾਹਰਾਤਾਂ ਜੜ੍ਹਿਆ ਚੰਦੋਆ ਤੇ ਹੋਰ ਕੀਮਤੀ ਚੀਜ਼ਾਂ ਲੈ ਕੇ ਹਾਜ਼ਰ ਹੋਇਆ ਸੀ।

ਫਿਰ ਗੁਰੂ ਜੀ ਕੁਝ ਸਮਾਂ ਰਹਿ ਕੇ ਵਾਪਸ ਢਾਕਾ ਤੋਂ ਹੋਏ ਪਟਨਾ ਸਾਹਿਬ ਪੁਜੇ।

ਅੱਜ ਕਲ੍ਹ ਗੁਰੂ ਜੀ ਦੀ ਯਾਦ ਵਿਚ ਏਥੇ ਬੜਾ ਆਲੀਸ਼ਾਨ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਧੋਬੜੀ (ਅਸਾਮ) ਬਣਿਆ ਹੈ, ਜਿਸ ਦਾ ਪ੍ਰਬੰਧ ਹੁਣ ਸਿਖ ਪ੍ਰਤੀਨਿਧੀ ਬੋਰਡ ਈਸਟਰਨ ਜ਼ੋਨ ਚਲਾਉਂਦਾ ਹੈ। ਹੁਣ ਵੀ ਹਰ ਆਦਮੀ ਦੀ ਕੀਤੀ ਅਰਦਾਸ ਗੁਰੂ ਜੀ ਪੂਰੀ ਕਰਦੇ ਹਨ ਅਤੇ ਖੁਸ਼ੀਆਂ ਨਾਲ ਝੋਲੀਆਂ ਭਰਦੇ ਹਨ।

---


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | |
|---|---|
| ਰੰਗਲੇ ਸਜਣ (ਨਵੀਂ ਐਡੀਸਨ) | ੭-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ? | ੩-੭੫ |
| ਅਨਹਦ ਸ਼ਬਦ ਦਸਮ ਦੁਆਰ | ੬-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ |
| ਸਚਖੰਡ ਦਰਸ਼ਨ | ੧-੭੫ |
| ਝਟਕਾ ਮਾਸ ਪ੍ਰਥਾਇ ਨਿਰਣੈ | ੪-੦੦ |
| ਵਾਹਿਗੁਰੂ ਸਿਮਰਨ | ੦-੪੫ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ |
| ਪੂਰਬ ਜਨਮ ਕੇ ਮਿਲੇ ਸੰਜੋਗੀ | ੭-੦੦, ੪-੦੦ |
| ਵੈਸਾਖੀ ਦਾ ਖੂਨੀ ਸਾਕਾ | ੧-੫੦ |

HAIR--A DIVINE GIFT 0-40
Dawn of Divine Wisdom 0-75

| | |
|---|---|
| ਜੇਲ੍ਹ ਚਿਠੀਆਂ ੧੫-੮੦ ਅੰਮ੍ਰਿਤ ਕੀ ਹੈ ? | ੧-੦੦ |
| ਅਣਡਿਠੀ ਦੁਨੀਆ | ਛਪ ਰਹੀ ਹੈ। |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ |
| ਨਾਮ ਸੰਬੰਧੀ ਵਿਚਾਰ | ੦-੯੦ |
| ਆਸਤਕ ਤੇ ਨਾਸਤਕ | ੦-੩੫ |
| ਉਮਰ ਕੈਦੀ ਦਾ ਸੁਪਨਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੫੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੫੦ |
| ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਗੁਰਮਤਿ ਅਨਹਦ ਸ਼ਬਦ | ੦-੨੫ |
| ਜੀਵਨ ਚਰਿਤ੍ਰ ਭਾ: ਰਣਧੀਰ ਸਿੰਘ ਜੀ | ੧-੫੦ |
| ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |





www.AKJ.Org

# ਰਹਿਤਨਾਮਿਆਂ ਵਿਚੋਂ ਮਿਲਾਵਟ ਕੱਢਣ ਦੀ ਲੋੜ (੨)

[ਭਾਈ ਸਾਹਿਬ ਰਾਮ ਸਿੰਘ ਜੀ ਸੁਕੋਡਰਨ ਲੀਡਰ (ਰੀ:) ਸ੍ਰੀ ਅੰਮ੍ਰਿਤਸਰ]

ਇਸ ਲੇਖ ਵਿਚ ਦਸਿਆ ਗਿਆ ਹੈ ਕਿ ਖਾਲਸਈ ਆਚਾਰ, ਆਹਾਰ ਅਤੇ ਵਿਵਹਾਰ ਭ੍ਰਿਸ਼ਟ ਕਰਨ ਲਈ ਸਿਖ ਧਰਮ ਦੇ ਦੋਖੀਆਂ ਵਲੋਂ ਪਰਚਲਤ ਰਹਿਤਨਾਮਿਆਂ ਵਿਚ ਐਸੀਆਂ ਕੁਹਜੀਆਂ ਲਿਖਤਾਂ ਦੀ ਮਿਲਾਵਟ ਕੀਤੀ ਗਈ ਜਿਸ ਨਾਲ ਕਿ ਖਾਲਸੇ ਦੀ ਸਮਾਜੀ, ਰਾਜਸੀ ਅਤੇ ਰੂਹਾਨੀ ਤਾਕਤ ਨੂੰ ਖ਼ਤਮ ਕਰ ਦਿਤਾ ਜਾਵੇ।

ਪਿਛਲੇ ਪਰਚੇ ਦੇ ਇਸ ਲੇਖ ਵਿਚ ਸਿਖ ਰਹਿਤ ਮਰਯਾਦਾ ਬਾਰੇ, ਪਰ-ਤ੍ਰਿਆ ਬਾਰੇ ਨਸ਼ਿਆਂ ਬਾਰੇ ਅਤੇ ਕਕਾਰਾਂ ਆਦਿ ਬਾਰੇ ਰਹਿਤਨਾਮਿਆਂ ਵਿਚ ਮਿਲਾਵਟ ਕੀਤੀਆਂ ਗਈਆਂ ਅਜਿਹੀਆਂ ਲਿਖਤਾਂ ਨੂੰ ਗੁਰਬਾਣੀ ਦੇ ਚਾਨਣ ਵਿਚ ਪਰਖ ਕੇ ਸੱਚ ਨੂੰ ਪਰਗਟ ਕੀਤਾ ਗਿਆ ਹੈ।

ਥਾਂ ਦੀ ਤੰਗੀ ਕਰਕੇ ਸਾਰਾ ਲੇਖ ਉਥੇ ਨਹੀਂ ਸੀ ਦਿਤਾ ਜਾ ਸਕਿਆ। ਸੋ ਬਾਕੀ ਲੇਖ ਹਾਜ਼ਰ ਹੈ।

—ਸੰਪਾਦਕ

(੧੦) "**ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖਿ ਲਾਈਐ**" (੮੮੧)

ਇਸ ਤੁਕ ਰਾਹੀਂ ਮਾੜੀ ਵਸਤੂ ਦੀ ਮਾੜੇ ਪੰਛੀਆਂ ਨਾਲ ਮਿਸਾਲ ਦਿੱਤੀ ਜਾ ਰਹੀ ਹੈ। ਬਗਲਾ ਅਤੇ ਕਾਗ (ਕਊਆ) ਇਨ੍ਹਾਂ ਦੋਹਾਂ ਪੰਛੀਆਂ ਨੂੰ ਗੁਰੂ ਸਾਹਿਬ ਜੀ ਨੇ ਇਸ ਲਈ ਨੀਚ ਕਹਿਆ ਹੈ ਕਿ ਇਹ ਦੋਨੋਂ ਹੀ ਕਰੰਗ (ਮੁਰਦਾਰ)-ਭੱਖੀ ਹਨ। ਜੇ ਗੁਰੂ ਸਾਹਿਬ ਜੀ ਮੁਰਦਾਰ ਖਾਣ ਵਾਲਿਆਂ ਪੰਛੀਆਂ ਨੂੰ ਨੀਚ ਕਹਿੰਦੇ ਹਨ ਤਾਂ ਮੁਰਦਾਰ ਖਾਣ ਵਾਲੇ ਮਾਣਸਾਂ ਨੂੰ ਕਦੋਂ ਉੱਤਮ ਕਹਿਣਗੇ? ਇਹਨਾਂ ਤੁਕਾਂ ਵਿਚ ਪੰਛੀਆਂ ਦੀ ਨੀਚਤਾ ਦਾ ਕਾਰਨ "ਕਰੰਗ ਬਿਖੂ" ਦਸ ਕੇ ਮਨੁਖ ਮਾਤਰ ਨੂੰ ਇਸ ਬਿਖ ਦੇ ਸੇਵਨ ਤੋਂ ਖ਼ਬਰਦਾਰ ਕੀਤਾ ਹੈ।

(੧੧) "**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ (੧੪੧) ॥**" :—ਪਹਿਲੀ ਤੁਕ ਰਾਹੀਂ ਗੁਰੂ ਜੀ ਨੇ ਪਰਾਏ ਹੱਕ ਨੂੰ ਖਾਣਾ ਦੋਹਾਂ ਸ਼ਰੇਣੀਆਂ ਲਈ, ਬਿਬਰਜਤ ਸੂਰ ਅਤੇ ਗਊ ਦੇ ਮੁਰਦਾਰ ਖਾਣ ਦੇ ਬਰਾਬਰ ਦਰਸਾਇਆ ਹੈ। ਭਾਵ ਕਿ ਦੂਜੇ ਦੇ ਹੱਕ ਨੂੰ ਬਿਲਕੁਲ ਹੀ ਨਹੀਂ ਖਾਣਾ, ਭਾਵੇਂ ਜਾਨ ਨਿਕਲ ਜਾਏ। ਦੂਜੇ ਦਾ ਹੱਕ ਖਾਣਾ ਬੇ-ਰਹਿਮੀ ਦਾ ਸੂਚਕ ਹੈ। ਜੀਆਂ ਨੂੰ ਮਾਰ ਕੇ ਮੁਰਦਾਰ ਖਾਣਾ ਭੀ ਬੇਰਹਿਮੀ ਦਾ ਹੀ ਸੂਚਕ ਹੈ। ਇਸ ਲਈ ਪਰਾਇਆ ਹੱਕ ਅਤੇ ਮੁਰਦਾਰ ਦੋਨੋਂ ਹੀ ਬਿਬਰਜਤ ਹਨ ਅਤੇ ਇਕੋ ਪੱਧਰ ਦੇ ਹਨ। ਇਹ ਮੁਰਦਾਰ ਭਾਵੇਂ ਕਿਸੇ ਜੀਵ ਦਾ ਹੋਵੇ ਅਤੇ ਭਾਵੇਂ ਕਿਸੇ ਤਰੀਕੇ ਨਾਲ ਪ੍ਰਾਪਤ ਕੀਤਾ ਗਿਆ ਹੋਵੇ--ਹਲਾਲ, ਝਟਕਾ, ਗੋਲੀ, ਗਲ ਘੁੱਟ ਕੇ ਜਾਂ ਹੋਰ ਕਿਸੇ ਢੰਗ ਨਾਲ ਜਾਨ ਕੱਢ ਕੇ। ਇਸ ਨੂੰ ਭਾਵੇਂ ਝਟਕਾ, ਹਲਾਲ ਜਾ ਮਹਾਂ ਪ੍ਰਸ਼ਾਦ ਕਹੋ। ਮਨ-ਭਾਉਂਦੇ ਦਿਲ-ਖਿਚਵੇਂ ਨਾਮ ਰੱਖ ਕੇ ਮਾਸ ਦੇ ਮਾਸ-ਪੁਣੇ ਉੱਤੇ ਪਰਦਾ ਨਹੀਂ ਪੈ ਸਕਦਾ। ਇਹ ਤਾਂ ਹਰ ਲੇਬਲ ਥੱਲੇ ਕਿਸੇ ਮੁਰਦਾ ਜੀਵ ਦੇ ਸਰੀਰ ਦਾ ਹਿੱਸਾ ਹੀ ਕਹਿਲਾਏਗਾ (ਪੱਠਾ, ਪੱਟ, ਕਲੇਜੀ, ਗੁਰਦਾ, ਕਪੂਰੇ, ਸਿਰੀ, ਖਰੋੜੇ, ਆਦਿ) ਅਤੇ ਰੱਤ-ਭਿੰਨਾ ਹੱਡ ਮਾਸ ਦਾ ਗਲੇਫਾ ਹੀ ਨਜ਼ਰ ਆਏਗਾ।

(੧੨) ਮਾਸ ਖਾਣ ਵਾਲੇ ਪੁਰਸ਼ ਮਾਸ ਖਾਣ ਨੂੰ ਜਾਇਜ਼ ਦੱਸਣ ਲਈ ਅਕਸਰ "**ਮਾਸੁ ਮਾਸੁ ਕਰਿ ਮੂਰਖੁ ਝਗੜੇ (੧੨੮੯)......**" ਵਾਲੇ ਸ਼ਬਦ ਦਾ ਆਸਰਾ ਲਿਆ ਕਰਦੇ ਹਨ, ਅਤੇ ਕਿਹਾ ਕਰਦੇ ਹਨ ਕਿ ਮਾਸ ਖਾ ਲੈਣਾ ਚਾਹੀਦਾ ਹੈ, ਇਸ ਬਾਰੇ ਝਗੜਾ ਨਹੀਂ ਕਰਨਾ ਚਾਹੀਦਾ।

ਗੁਰੂ ਜੀ ਨੇ ਇਸ ਸ਼ਬਦ ਰਾਹੀਂ ਬ੍ਰਾਹਮਣਾਂ ਦੀ, ਮਾਸ ਦੇ ਨਾਂ ਤੋਂ ਕੁਢੱਬੀ ਅਤੇ ਬੇ-ਤੁਕੀ ਨਫਰਤ ਦੇ



www.AKJ.Org

ਜਨੂੰਨ ਨੂੰ ਨਵਿਰਤ ਕੀਤਾ ਹੈ ਅਤੇ ਇਨ੍ਹਾਂ ਨੂੰ ਕਿਹਾ ਹੈ ਕਿ 'ਭਾਈਓ, ਤੁਹਾਡਾ ਮਾਸ ਦੇ ਨਾਂ ਤੋਂ ਨਫ਼ਰਤ ਕਰਨ ਦਾ ਕੁਝ ਅਰਥ ਹੀ ਨਹੀਂ ਨਿਕਲਦਾ, ਕਿਉਂਕਿ ਤੁਹਾਡਾ ਆਪਣਾ ਸਾਰਾ ਵਜੂਦ ਹੀ ਮਾਸ ਦਾ ਹੈ। ਮਾਸ ਤੋਂ ਹੀ ਪੈਦਾ ਹੋਈਦਾ ਹੈ, ਮਾਸ ਦਾ ਮੂੰਹ ਹੈ, ਮਾਸ ਦੀ ਜੀਭ ਹੈ, ਮਾਸ ਨਾਲ ਹੀ ਤੁਹਾਡਾ ਸਾਰਾ ਮੇਲ ਮਿਲਾਪ ਅਤੇ ਲੈਣ ਦੇਣ ਹੈ।" ਇਸ ਸ਼ਬਦ ਅੰਦਰ ਮੁਸਲਮਾਨਾਂ ਅਤੇ ਹਿੰਦੂਆਂ ਦੇ ਯੱਗਾਂ ਅੰਦਰ ਜਾਨਵਰਾਂ ਦੀ ਦਿਤੀਆਂ ਜਾਂਦੀਆਂ ਬਲੀਆਂ ਦਾ ਜ਼ਿਕਰ ਕਰਕੇ ਉਨ੍ਹਾਂ ਦੇ ਮੋਮਨਪੁਣੇ ਦਾ ਪਾਜ ਖੋਲ੍ਹਿਆ ਹੈ। ਪੰਡਤਾਂ ਨੂੰ ਕਿਹਾ ਹੈ ਕਿ ਆਪਣੇ ਜਨੂੰਨ ਵਿਚ ਗ੍ਰਸਤ ਹੋਇਆਂ ਹੋਇਆਂ ਨੂੰ ਤੁਹਾਨੂੰ ਪਤਾ ਹੀ ਨਹੀਂ ਕਿ ਮਾਸ ਕੀ ਹੈ ਅਤੇ ਸਾਗ ਕੀ ਹੈ ਅਤੇ ਕਿਸ ਵਿਚ ਪਾਪ ਸਮਾਏ ਹੋਏ ਹਨ। ਇਸ ਸ਼ਬਦ ਵਿਚ ਗੁਰੂ ਜੀ ਨੇ ਕਿਤੇ ਭੀ ਨਹੀਂ ਕਿਹਾ ਕਿ ਮਾਸ ਭੱਖ ਵਸਤੂ ਹੈ ਅਤੇ ਇਨਸਾਨ ਦੇ ਖਾ ਲੈਣ ਯੋਗ ਹੈ। ਮਾਸ ਖਾਣ ਲਈ ਇਸ ਸ਼ਬਦ ਦੀ ਓਟ ਦਾ ਬਹਾਨਾ ਬਨਾਉਣਾ ਬਿਅਰਥ ਹੈ।

ਗੁਰੂ ਸਾਹਿਬ ਜੀ, ਸਗੋਂ, ਇਸ ਸ਼ਬਦ ਵਿਚ ਫੁਰਮਾਉਂਦੇ ਹਨ "**ਅਭਖੁ ਭਖਹਿ, ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ (੧੨੯੦)** ॥" ਭਾਵ ਕਿ ਜਿਨ੍ਹਾਂ ਦਾ ਆਗੂ (ਨਸੀਹਤ ਕਰਨ ਵਾਲਾ) ਗਿਆਨ-ਹੀਣ ਹੈ (ਅੰਧਾ ਹੈ) ਉਹ ਲੋਗ ਖਾਣ ਯੋਗ (ਭੱਖ) ਵਸਤੂਆਂ ਨੂੰ ਛੱਡ ਕੇ ਅਭੱਖ (ਨਾ ਖਾਣ ਯੋਗ ਮਾਸ) ਨੂੰ ਤਰਜੀਹ ਦੇ ਕੇ ਖਾਂਦੇ ਹਨ। ਇਸ ਤੁੱਕ ਰਾਹੀਂ ਗੁਰੂ ਸਾਹਿਬ ਜੀ ਨੇ ਮਾਸ ਖਾਣ ਦਾ ਉਪਦੇਸ਼ ਦੇਣ ਵਾਲਿਆਂ ਆਗੂਆਂ ਨੂੰ ਸਗੋਂ ਅੰਨ੍ਹੇ ਆਖ ਕੇ ਕੱਸਵੀਂ ਝਾੜ ਪਾਈ ਹੈ। ਸਿਖ ਧਰਮ ਦਿਆਂ ਦੋਖੀਆਂ ਨੇ ਇਹ ਜਾਣਦਿਆਂ ਹੋਇਆਂ ਕਿ ਖਾਲਸੇ ਲਈ ਮਾਸ (ਅਭਖ) ਬਿਬਰਜਤ ਹੈ, ਗੁਰਸਿੱਖਾਂ ਦਾ ਆਹਾਰ ਭ੍ਰਿਸ਼ਟ ਕਰਨ ਲਈ ਦੇਖੋ ਰਹਿਤ-ਨਾਮਿਆ ਵਿਚ ਕੈਸੀ ਚਲਾਕੀ ਨਾਲ ਅਛੋਪਲੇ ਜਿਹੇ ਹੀ ਮਾਸ ਸ਼ਾਮਲ ਕਰ ਰਖਿਆ ਹੈ।

( i ) **ਰਹਿਤਨਾਮਾ ਭਾਈ ਚੋਪਾ ਸਿੰਘ** :—"ਬਕਰਾ ਝਟਕਾ ਛਕੇ ਤਾਂ ਛਕੇ। ਔਰ ਮਾਸ ਵਲ ਕਬੀ ਨਾ ਤਕੈ।" ਇਸ ਕੁਲਿਖਤ ਦੇ ਪਿਛਲੇ ਹਿੱਸੇ ਤੋਂ ਸਾਫ਼ ਜ਼ਾਹਰ ਹੈ ਕਿ ਸਿੰਘਾਂ ਲਈ ਮਾਸ ਬਿਬਰਜਤ ਸੀ। ਪਰ ਦੇਖੋ ਇਨ੍ਹਾਂ ਦੀ ਚਾਲਾਕੀ, ਝਟਕੇ ਦੇ ਬਹਾਨੇ, ਕੇਵਲ ਬੱਕਰੇ ਦੇ ਮਾਸ ਦੀ ਆਗਿਆ ਦੇ ਦਿਤੀ ਹੈ। ਹੋਰ ਜਾਨਵਰਾਂ ਦੇ ਮਾਸ ਨੂੰ ਇਤਨਾ ਸਖ਼ਤੀ ਨਾਲ ਬਿਬਰਜਤ ਹੀ ਰਹਿਣ ਦਿੱਤਾ ਹੈ ਕਿ ਉਸ ਵਲ ਤੱਕਣਾ ਭੀ ਮਨ੍ਹਾ ਕਰ ਦਿੱਤਾ ਹੈ। ਜੇ ਮੁਰਦਾਰ ਖਾਣਾ ਹੀ ਹੈ ਤਾਂ ਫਿਰ ਬਕਰੇ ਦਾ ਮਾਸ ਕੀ ਅਤੇ ਹੋਰ ਕਿਸੇ ਜਾਨਵਰ ਦਾ ਮਾਸ ਕੀ? ਸਭ ਇਕ ਹੀ ਗੱਲ ਹੈ। ਮਾਸ ਤਾਂ ਮਾਸ ਹੀ ਹੈ।

( ii ) **ਰਹਿਤਨਾਮਾ ਭਾਈ ਦਯਾ ਸਿੰਘ** :—"ਕੁਠਾ ਅਰ ਸੂਰ ਪਾਲਿਆ ਨਾ ਖਾਏ"। ਇਸ ਦਾ ਭਾਵ ਇਹ ਹੋਇਆ ਕਿ ਜੰਗਲੀ ਸੂਰ ਖਾ ਲਏ।

(iii) **ਰਹਿਤਨਾਮਾ ਭਾਈ ਸਾਹਿਬ ਸਿੰਘ** :—"ਕੁਸਿਆ ਮਾਸ ਨਾ ਖਾਈਐ ਪਾਲਿਆ ਖਾਏ ਨਾ ਸੂਰ।" ਏਥੇ ਭੀ ਜੰਗਲੀ ਸੂਰ ਦਾ ਮਾਸ ਖਾਣ ਦੀ ਆਗਿਆ ਦੇ ਦਿਤੀ ਹੈ। ਰਹਿਤਨਾਮਿਆਂ ਵਿਚ ਪਾਏ ਗਏ ਰਲੇ ਦਾ ਪਰਯੋਜਨ ਤਾਂ ਖਾਲਸੇ ਦੇ ਮੂੰਹ ਮਸ ਲਾਉਣ ਦਾ ਸੀ, ਸੋਈ ਸਿਖ ਧਰਮ ਦੇ ਦੋਖੀ ਇਸ ਵਿਚ ਖੂਬ ਕਾਮਯਾਬ ਰਹੇ ਹਨ।

ਜਿਹੜੇ ਸਿਖ ਪਰਚੱਲਤ ਰਹਿਤਨਾਮਿਆਂ ਤੇ ਚੱਲ ਕੇ ਆਪਣੇ ਆਪ ਨੂੰ ਤੱਤ ਸਿੱਖੀ ਦੇ ਪੈਰੋਕਾਰ ਸਮਝੀ ਬੈਠੇ ਹਨ, ਗੁਰਬਾਣੀ ਦੇ ਅਧਾਰ ਤੇ ਉਨ੍ਹਾਂ ਦੀ ਤਸੱਲੀ ਹੋ ਜਾਣੀ ਚਾਹੀਦੀ ਹੈ ਕਿ, ਭੰਗ, ਮਾਸ, ਸ਼ਰਾਬ, ਪਰ-ਨਾਰੀ, ਪਰ-ਪੁਰਖ, ਤਮਾਕੂ ਅਤੇ ਕੇਸ ਕਤਲ ਕਰਵਾਉਣੇ ਗੁਰਸਿਖ ਲਈ ਬਿਬਰਜਤ ਹਨ। ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਸਿੱਧੇ ਨਰਕਾਂ ਨੂੰ ਜਾਂਦੇ ਹਨ।

ਖਾਲਸਾ ਧਰਮ ਦਿਆਂ ਦੋਖੀਆਂ ਨੇ ਰਹਿਤਨਾਮਿਆਂ ਦੀ ਆੜ ਲੈ ਕੇ, ਖਾਲਸਾ ਜੀ ਦੇ ਭਾਈਚਾਰਕ ਜੀਵਨ ਦੀ ਭੀ ਦੇਖੋ ਕੈਸੀ ਜੜ੍ਹ ਪੁੱਟ ਕੇ ਰੱਖ ਦਿੱਤੀ ਹੈ। ਇਨ੍ਹਾਂ ਨੇ ਹਰ ਜਗ੍ਹਾ ਹੀ ਕੁਟਿਲਤਾ ਨਾਲ ਸਭ ਗੁਰ-

ਹੁਕਮਾਂ ਦੀ ਵਿਰੋਧਤਾ ਕੀਤੀ ਹੈ ।

**(ੜ) ਕਲਗੀਧਰ ਪਾਤਸ਼ਾਹ ਜੀ ਦਾ ਹੁਕਮ ਹੈ–**

"ਜਬ ਲਗ ਖਾਲਸਾ ਰਹੈ ਨਿਆਰਾ॥ ਤਬ ਲਗ ਤੇਜ ਦੀਓ ਮੈ ਸਾਰਾ॥
ਜਬ ਇਹ ਗਹੇ ਬਿਪਰਨ ਕੀ ਰੀਤ॥ ਮੈ ਨਾ ਕਰੋਂ ਇਨ ਕੀ ਪ੍ਰਤੀਤ॥"

ਗੁਰੂ ਸਾਹਿਬ ਜੀ ਨੇ ਖਾਲਸੇ ਨੂੰ ਬ੍ਰਾਮਹਣੀ ਰੀਤ ਦੇ ਤਿਆਗ ਕਰਨ ਦਾ ਹੁਕਮ ਦਿੱਤਾ ਹੈ। ਹੁਣ ਦੇਖੋ ਸਿਖ ਧਰਮ ਦੇ ਦੋਖੀਆਂ ਨੇ ਰਹਿਤਨਾਮਿਆਂ ਵਿਚ ਸਿਖੀ ਵਿਰੋਧੀ ਵਿਚਾਰਾਂ ਦਾ ਮਿਲਗੋਭਾ ਕਰਕੇ ਕਿਵੇਂ ਗੁਰੂ ਸਾਹਿਬ ਜੀ ਦੇ ਹੁਕਮ ਦੀ ਮੁਖਾਲਫ਼ਤ ਕੀਤੀ ਹੈ :–

(i) **ਰਹਿਤ ਨਾਮਾ ਭਾਈ ਚੌਪਾ ਸਿੰਘ** :–"ਜੋ ਬ੍ਰਾਹਮਣ ਗੁਰੂ ਕਾ ਸਿਖ ਹੋਵੇ ਤਾਂ ਉਸ ਦੀ ਸੇਵਾ ਕਰਨੀ। ਦੂਣਾ ਫਲ......।"

(ii) "ਗੁਰੂ ਕੇ ਸੇਵਕ ਨੂੰ ਜੇ ਕਰ ਢੰਗ ਸੁਆਰਥ ਦਾ ਕਾਰਜ ਬਣੇ ਸੇਵਕ ਨਾਲ ਲੈਣ ਦਾ ਤਾਂ ਜੰਞੂ ਧਰ ਲਏ। ਕਾਰਜ ਕਰਕੇ ਆਪਣੀ ਭਾਵਨੀ ਨਾਲ ਉਤਾਰ ਛੋਡੇ।" (ਹਾਲਾਂ ਕਿ ਖਾਲਸੇ ਨੂੰ ਨੜੀਮਾਰ, ਸਿਰ-ਗੁੰਮ ਆਦਿ ਨਾਲ ਰੋਟੀ ਬੇਟੀ ਦੀ ਸਾਂਝ ਦੀ ਮਨਾਹੀ ਹੈ)। ਜੰਞੂ ਭੀ ਪਹਿਨਾ ਧਰਿਆ ਨੇ।

(iii) "ਗੁਰੂ ਕਾ ਸਿਖ ਕਾਰਜ ਵਿਆਹ ਵਿਚ ਕੰਮ ਉਸ ਬ੍ਰਾਹਮਣ ਪਾਸੋਂ ਕਰਾਏ ਜੋ ਰਹਿਤ ਗੁਰੂ ਕੀ ਰੱਖੇ।" (ਬ੍ਰਾਹਮਣ ਬੇ-ਅੰਮ੍ਰਿਤੀਆ ਕੀ ਅਤੇ ਗੁਰੂ ਕੀ ਰਹਿਤ ਕੀ ?)।

(iv) "ਗੁਰੂ ਕਾ ਸਿਖ ਪ੍ਰਾਤੇ ਉਠ ਕੇ ਸੂਰਜ ਨੂੰ ਨਮਸਤੇ ਆਖ ਕੇ ਸਿੱਖਾਂ ਨੂੰ ਵਾਹਿਗੁਰੂ ਕੀ ਫਤਹ ਬੁਲਾਏ।"

(v) "ਗੁਰੂ ਕਾ ਸਿੱਖ ਨਵੇਂ ਚੰਦ ਚੜ੍ਹੇ ਨੂੰ ਨਮਸਕਾਰ ਕਰ ਕੇ ਸਿੱਖਾਂ ਨੂੰ ਵਾਹਿਗੁਰੂ ਜੀ ਕੀ ਫਤਹ ਬੁਲਾਏ।"

(vi) "ਇਹ ਜੋ ਬਚਨ ਵਿਚਾਰ ਕਰਕੇ ਸਿੱਖਾਂ ਦੀ ਮਰਜੀ ਨਾਲ ਆਗਿਆ ਗੁਰੂ ਜੀ ਦੀ ਨਾਲ ਲਿਖੇ ਹੈਨਿ, ਜਗਤ ਨੂੰ ਨਹੀਂ ਆਖੇ ਸੋ ਸਿੱਖਾਂ ਨੂੰ ਆਖੇ ਹੈਨਿ।"

(vii) **ਰਹਿਤਨਾਮਾ ਭਾਈ ਦੇਸਾ ਸਿੰਘ** :–"ਗੋ ਬ੍ਰਾਹਮਣ ਦੀ ਰਖਿਆ ਕਰੈ। ਤੁਰਕਨ ਸੋ ਅਤਿ ਹਠ ਕਰ ਮਰੈ।"

(viii) **ਰਹਿਤਨਾਮਾ ਭਾਈ ਸਾਹਿਬ ਸਿੰਘ** :–"ਧਨ ਪਰ ਘਰ ਕੇ ਛੁਵਹਿ ਨਹਿ, ਨੀਚ ਜਾਤ ਤੇ ਦੂਰ।" ਇਸ ਰਹਿਤਨਾਮੇ ਰਾਹੀਂ, ਬ੍ਰਾਹਮਣ-ਵਾਦ ਅਨੁਸਾਰ, ਨੀਚ ਜਾਤ ਨਾਲ ਨਫ਼ਰਤ ਕਰਨ ਦੀ ਅਗਵਾਈ ਮਿਲਦੀ ਹੈ। ਹਾਲਾਂ ਕਿ ਸਾਡੇ ਲਈ ਗੁਰੂ-ਹੁਕਮ ਹੈ ਕਿ "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥ (ਪੰਨਾ ੧੫)

ਪਾਠਕ ਜਨ ਆਪ ਹੀ ਇਨ੍ਹਾਂ ਲਿਖਤਾਂ ਦਾ ਭਾਵ ਸਮਝ ਲੈਣ। ਏਥੇ ਵਿਆਖਿਆ ਦੀ ਲੋੜ ਨਹੀਂ। ਬ੍ਰਾਹਮਣ ਰੀਤੀ ਨੂੰ ਮੁੜ ਸਿਖ ਧਰਮ ਅੰਦਰ ਘੁਸੇੜਨ ਲਈ ਕਿਸ ਤਰ੍ਹਾਂ ਪੂਰਾ ਜ਼ੋਰ ਲਾ ਕੇ ਉਪੱਧਰ ਤੋਲਿਆ ਗਿਆ ਹੈ ਏਥੇ ਹੀ ਬੱਸ ਨਹੀਂ, ਇਨ੍ਹਾਂ ਨੇ ਸਿੱਖਾਂ ਦੀਆਂ ਕਈ ਸ਼੍ਰੇਣੀਆਂ ਬਣਾ ਰੱਖੀਆਂ ਹਨ।

**(ਖ) ਸਿੱਖ ਸ਼੍ਰੇਣੀਆਂ** :–ਸਿਖ ਧਰਮ ਦਿਆਂ ਦੋਖੀਆਂ ਨੇ ਸਿੱਖੀ ਦਾ ਹੋਰ ਸੱਤਿਆਨਾਸ ਕਰਨ ਲਈ ਸਾਨੂੰ ਤਿੰਨਾਂ ਸ਼੍ਰੇਣੀਆਂ ਵਿਚ ਵੰਡ ਕੇ ਰੱਖ ਦਿਤਾ ਹੈ ਅਤੇ ਅਸਾਂ ਇਨ੍ਹਾਂ ਦੀ ਕੁਟਿਲ ਚਾਲ ਨੂੰ ਨਾ ਸਮਝਦਿਆਂ ਹੋਇਆਂ ਇਸ ਵੰਡ ਨੂੰ ਇੰਨ ਬਿੰਨ ਮੰਨ ਲਿਆ ਹੋਇਆ ਹੈ ।

**ਰਹਿਤਨਾਮਾ ਭਾਈ ਸਾਹਿਬ ਸਿੰਘ** :–"ਤੀਨ ਪ੍ਰਕਾਰ ਮਮ ਸਿੱਖ ਹੈ, ਸਹਿਜੀ, ਚਰਨੀ, ਖੰਡੇ...।"



www.AKJ.Org

ਇਸ ਦਾ ਭਾਵ ਹੈ ਸਹਿਜਧਾਰੀ ਸਿੱਖ, ਜਿਨ੍ਹਾਂ ਸਿਰ-ਗੁੰਮਾਂ ਨੇ ਕੋਈ ਪਾਹੁਲ ਨਹੀਂ ਲਈ; ਦੂਜੇ ਚਰਨ-ਪਾਹੁਲ ਲੈ ਕੇ ਬਣੇ ਸਿਖ (ਕਿਸੇ ਅਖਉਤੀ ਸੰਤ ਮਹੰਤ ਰਾਹੀਂ); ਤੀਜੇ ਖੰਡੇ ਦੀ ਪਾਹੁਲ (ਪੰਜਾਂ ਪਿਆਰਿਆਂ ਪਾਸੋਂ) ਛਕ ਕੇ ਬਣੇ ਸਿੱਖ। ਤਿੰਨੋਂ ਹੀ ਸਿਖ ਬਣਨ ਦੇ ਪੂਰੇ ਦਾਅਵੇਦਾਰ ਬਣਾ ਧਰੇ ਹਨ।

'ਸਿੱਖ' ਪਦ ਦੀ ਮਹੱਤਤਾ ਘਟਾਉਣ ਲਈ ਤਿੰਨ ਪ੍ਰਕਾਰ ਦੇ ਸਿੱਖ ਘੜ ਧਰੇ ਹਨ। ਕਲਗੀਧਰ ਪਾਤਸ਼ਾਹ ਜੀ ਨੇ ਖੰਡੇ ਦੀ ਪਾਹੁਲ ਛਕਾ ਕੇ ਸਿੱਖ ਸਾਜਿਆ ਹੈ ਅਤੇ ਇਸ ਸਿੱਖ ਨੂੰ 'ਖਾਲਸਾ' ਦਾ ਖ਼ਿਤਾਬ ਬਖਸ਼ਿਆ ਹੈ ਅਤੇ ਕਿਹਾ ਹੈ '**ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮੇਂ ਹਉ ਕਰੋ ਨਿਵਾਸ।**'' ਇਹ ਗੱਲ ਪਰਤੱਖ ਹੈ ਕਿ ਅੰਮ੍ਰਿਤਧਾਰੀ, ਸ਼ਸਤਰਧਾਰੀ, ਕਛਹਿਰਾ–ਕੜਾ–ਕੰਘਾ–ਕਿਰਪਾਨ–ਕੇਸਕੀ (ਦਸਤਾਰ)-ਧਾਰੀ ਜਟਾ ਜੂਟ ਸਰੂਪਾ ਖਾਲਸਾ ਜੀ ਵਿਚ ਕਲਗੀਧਰ ਪਾਤਸ਼ਾਹ ਜੀ ਦੀ ਪਰਤੱਖ ਦਰਸ਼ਨੀ ਝਲਕ ਹੈ। ਤਾਂ ਫਿਰ, ਜੇ ਕੋਈ ਸਿਰ-ਗੁੰਮ ਆਪਣੇ ਆਪ ਨੂੰ ਵੀ ਗੁਰੂ ਕਾ ''ਸਹਿਜਧਾਰੀ ਸਿਖ'' ਕਹਿਲਾਉਂਦਾ ਹੈ, ਉਸ ਵਿਚ ਕਿਸ ਵਿਅਕਤੀ ਦੀ ਝਲਕ ਹੋਈ? ਗੁਰੂ ਜੀ ਤਾਂ ਕਹਿੰਦੇ ਹਨ, ''ਖਾਲਸੇ ਮੇਂ ਹਉ ਕਰੋ ਨਿਵਾਸ।'' ਸਹਿਜਧਾਰੀ ਵਿਚ ਕਿਸ ਦਾ ਨਿਵਾਸ ਹੋਇਆ? ਸਹਿਜਧਾਰੀ ਫਿਰ, ਸਿੱਖ ਕਿਵੇਂ ਹੋਇਆ? ਅਤੇ ਕਿਸ ਦਾ ਸਿੱਖ ਹੋਇਆ? ਇਹ ਕਿਸ ਦੀ ਸਿਖਿਆ 'ਤੇ ਚੱਲਣ ਵਾਲਾ ਸਿੱਖ ਹੋਇਆ? ਜਿਹੜਾ ਗੁਰੂ ਕੀ ਮੁਹਰ ਦਾ ਧਾਰਨੀ ਹੀ ਨਹੀਂ ਬਣਦਾ ਅਤੇ ਆਏ ਦਿਨ ਕੇਸਾਂ ਦੀ ਬੇਅਦਬੀ ਕਰਦਾ ਹੈ।

ਸਿੱਖ ਧਰਮ ਦਿਆਂ ਦੁਸ਼ਮਨਾਂ ਨੇ ਸਿੱਖਾਂ ਵਿਚ ਘੁਸੜਨ ਲਈ ਅਤੇ ਘੁਸੜ ਕੇ ਸਿੱਖ ਧਰਮ ਦੀ ਚੰਗੀ ਤਰ੍ਹਾਂ ਜੜ੍ਹ ਪੁੱਟਣ ਲਈ ਕੁਟਿਲ ਨੀਤੀ ਅਧੀਨ ਹੀ ਸਿਰਗੁੰਮਾਂ ਲਈ ਸਹਿਜਧਾਰੀ ਸਿਖ ਦੀ ਘਾੜਤ ਘੜੀ ਹੈ। ਕਿਉਂਕਿ ਕਿਸੇ ਧਰਮ ਦਾ ਪੂਰਾ ਪੂਰਾ ਸਤਿਆਨਾਸ, ਉਸ ਧਰਮ ਵਿਚ ਸ਼ਾਮਲ ਹੋ ਕੇ ਹੀ ਕੀਤਾ ਜਾ ਸਕਦਾ ਹੈ। ਸਿੱਖੀ ਨੂੰ ਗਿਰਾਵਟ ਵਿਚ ਲੈ ਜਾਣ ਲਈ ਅਤੇ ਸਿੱਖਾਂ ਦੇ ਮਨ ਵਿਚੋਂ ਕੇਸਾਂ ਅਤੇ ਕਕਾਰਾਂ ਦੀ ਮਹੱਤਤਾ ਘਟਾਉਣ ਅਥਵਾ ਖ਼ਤਮ ਕਰਨ ਲਈ, ਸਿਖ ਧਰਮ ਦਿਆਂ ਦੋਖੀਆਂ ਨੇ ''ਸਹਿਜਧਾਰੀ ਸਿਖ'' ਦੀ ਮਨ-ਘੜਤ ਪ੍ਰੀਭਾਸ਼ਾ ਬਣਾਈ ਹੈ। ਅਸਲ ਵਿਚ 'ਸਹਿਜ-ਧਾਰੀ'' ਤੋਂ ਭਾਵ ਹੈ ਉਹੋ ਪ੍ਰਾਣੀ ਜੋ ਜਟਾ-ਜੂਟ ਹੈ, ਪਰ ਅਜੇ ਪਾਹੁਲ ਲਈ ਤਿਆਰੀ ਕਰ ਰਿਹਾ ਹੈ।

ਗੁਰਬਾਣੀ ਡੰਕੇ ਦੀ ਚੋਟ ਨਾਲ ਕੇਵਲ **''ਇਕ ਹੀ''** ਪ੍ਰਕਾਰ ਦੀ ਸਿੱਖੀ ਦੀ ਹਾਮਾ ਭਰਦੀ ਹੈ। ਯਥਾ ਗੁਰਵਾਕ: ''ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ (੩੦੫)..... ॥'' ਇਸ ਤੁਕ ਅੰਦਰ ਸਿਖ ਸ਼ਰੇਣੀ ਵਿਚੋਂ ''ਇੱਕ'' representative (ਪ੍ਰਤੀਨਿਧ) ਸਿੱਖ ਨੂੰ ਸੰਬੋਧਨ ਕਰ ਕੇ, ਉਸਨੂੰ ਉਸਦਾ ਹਰ ਭਲਕ ਨੂੰ ਉੱਠ ਕੇ ਨਾਮ ਜਪਣ ਦਾ ਫ਼ਰਜ਼ ਦੱਸਿਆ ਹੈ। ਜੇ ਸਿੱਖ, ਇਕ ਤੋਂ ਜ਼ਿਆਦਾ ਪ੍ਰਕਾਰ ਦੇ ਹੁੰਦੇ (ਭਾਵ, ਦੋ, ਤਿੰਨ ਸ਼ਰੇਣੀਆਂ ਵਿਚ ਵੰਡੇ ਹੋਏ ਹੁੰਦੇ) ਤਾਂ ਸਾਰੀਆਂ ਸ਼ਰੇਣੀਆਂ ਨੂੰ ਮੁਖ ਰੱਖ ਕੇ ਗੁਰੂ ਸਾਹਿਬ ਜੀ ਨੇ ਫਿਰ ਇੰਜ ਕਹਿਣਾ ਸੀ–''ਗੁਰ ਸਤਿਗੁਰ ਕੇ ਜੋ ਸਿਖ ਅਖਾਹਿ ਸੇ ਭਲਕੇ ਉਠਿ ਹਰਿਨਾਮੁ ਧਿਆਵਹਿ ॥'' ਪਰ ਇੰਜ ਕਹਿਆ ਨਹੀਂ, ਸਗੋਂ ਕਹਿਆ ਹੈ ਕਿ ''ਗੁਰ ਸਤਿਗੁਰ ਕਾ ਜੋ ਸਿਖੁ (ਵਾਹਦ, ਇਕ) ਅਖਾਏ...।'' ਇਸ ਲਈ ਇਹ ਪੱਥਰ ਉੱਤੇ ਲੀਕ ਹੈ ਕਿ ਸਿੱਖੀ ਇੱਕ ਹੀ ਪ੍ਰਕਾਰ ਦੀ ਹੈ। ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੱਖ ਹੀ ''ਸਿੱਖ'' ਹੈ, ਹੋਰ ਕੋਈ ਸਿੱਖ ਨਹੀਂ ਹੈ–ਨਾ ਸਹਿਜਧਾਰੀ ਤੇ ਨਾ ਕੋਈ ਹੋਰ ਧਾਰੀ। ਇਹ ਗੱਲ ਭੀ ਤਾਂ ਠੀਕ ਹੈ, ਕਿਉਂਕਿ 'ਗੁਰੂ' ਇੱਕ, ਉਸ ਦਾ 'ਦਰਸਾਇਆ ਰਸਤਾ' ਇੱਕ, 'ਅੰਮ੍ਰਿਤ' ਇੱਕ, ਉਸ ਦਾ 'ਹੁਕਮ' ਇੱਕ, ਉਸ ਦਾ 'ਖਾਸ ਰੂਪ' ਇੱਕ, ਅਤੇ ਉਸ ਰਸਤੇ ਉੱਤੇ ਚਲਣ ਵਾਲੇ ਭੀ ਉਸ ਇਕ ਹੀ ਰਸਤੇ ਦੇ ਪਾਂਧੀ ਹੋਣ ਕਰਕੇ ਸਭ ਇਕ ਹੀ ਰੂਪ ਵਾਲੇ ਇਕ ਹੀ ਪ੍ਰਕਾਰ ਦੇ ਹੋ ਸਕਦੇ ਹਨ–ਬਹੁ-ਪ੍ਰਕਾਰੀ ਨਹੀਂ।

ਕਲਗੀਧਰ ਪਾਤਸ਼ਾਹ ਜੀ ਦਾ ਸਿੱਖ ਪ੍ਰਤੀ ਹੁਕਮ–ਅੰਮ੍ਰਿਤ ਛਕਣ, ਰਹਿਤ ਰੱਖਣ, ਬਿਬਰਜਤ ਕੰਮਾਂ



www.AKJ.Org

ਤੋਂ ਬਚਣ ਅਤੇ ਗੁਰਬਾਣੀ ਦੇ ਚਾਨਣੇ ਵਿਚ ਚੱਲਣ—ਦਾ ਹੈ। ਗੁਰੂ ਦੇ ਹੁਕਮ (ਭਾਣੇ) ਵਿਚ ਚੱਲਣ ਵਾਲਾ ਹੀ ਸੱਚਾ-ਮਿਤਰ ਸਿੱਖ ਹੈ। ਆਪਣੀ ਮਰਜ਼ੀ ਦੀ ਜ਼ਿੰਦਗੀ ਬਤੀਤ ਕਰਨ ਵਾਲਾ ਸਿੱਖ ਨਹੀਂ ਹੈ।

ਯਥਾ ਗੁਰਵਾਕ—"**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ (੬੦੧) ॥**" ਲਉ, ਹੁਣ ਤਾਂ ਸਤਿਗੁਰਾਂ ਨੇ ਆਪ ਹੀ ਦੱਸ ਦਿੱਤਾ ਹੈ ਕਿ ਸਿਖ ਕਉਣ ਹੈ। ਹੁਣ ਤਾਂ ਸਿੱਖ ਹੋਣ ਬਾਰੇ ਜਾਂ ਸਿਖ ਨੂੰ ਪਛਾਨਣ ਬਾਰੇ ਕੋਈ ਸ਼ੱਕ ਹੀ ਨਹੀਂ ਰਹਿਣ ਦਿੱਤਾ ਗਿਆ। ਫਿਰ ਭੀ ਇਸ ਲਿਖਤ ਦੀ ਪ੍ਰੋੜ੍ਹਤਾ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਰਹਿਤਨਾਮੇ ਅਨੁਸਾਰ ਸਿੱਖੀ ਦਾ ਮਾਲਕ ਕਹਿ ਰਿਹਾ ਹੈ—

"**ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ ॥**"

ਤਾਂ ਫਿਰ ਕੋਈ ਖਾਲਸਾ ਰਹਿਤ ਦਾ ਵਿਰੋਧੀ ਕਿਵੇਂ ਸਹਿਜਧਾਰੀ ਸਿਖ ਹੋ ਸਕਦਾ ਹੈ? ਉਹ ਗੁਰੂ ਕੇ ਪਿਆਰ ਦਾ ਅਧਿਕਾਰੀ ਕੈਸੇ ਹੂਆ? ਕਭੀ ਨਹੀਂ। ਇਸ ਲਈ ਉਹ ਸਿਖ ਅਖਵਉਣ ਦਾ ਕਦਾਚਿਤ ਹਕਦਾਰ ਨਹੀਂ। ਗੱਲ ਸਪਸ਼ਟ ਹੈ ਕਿ ਸਿਖ ਧਰਮ ਦਿਆਂ ਕਪਟੀ ਦੋਖੀਆਂ ਨੇ ਕੈਸੇ ਢੰਗ ਨਾਲ, ਰਹਿਤਨਾਮਿਆਂ ਵਿਚ ਮਿਲਾਵਟ ਕਰ ਕੇ ਸਿਖ ਧਰਮ ਦੇ ਹਰ ਪਹਿਲੂ ਤੇ ਹਮਲੇ ਕੀਤੇ ਹਨ, ਸਿਖੀ ਰਹਿਤ ਬਹਿਤ ਦੀ ਮਹੱਤਤਾ ਹੀ ਨਹੀਂ ਰਹਿਣ ਦਿੱਤੀ, ਬੱਜਰ ਕੁਰਹਿਤਾਂ ਨੂੰ ਬੱਚਿਆਂ ਦਾ ਖੇਲ ਬਣਾ ਕੇ ਹਾਸੋ-ਹੀਣਾ ਕਰ ਦਿਖਾਇਆ ਹੈ, ਬ੍ਰਾਹਮਣੀ ਰੀਤਾਂ ਨੂੰ ਮੁੜ ਸਿਖ ਪਰੰਪਰਾਵਾਂ ਵਿਚ ਘਸੋੜ ਕੇ ਇਨ੍ਹਾਂ ਦਾ ਰੂਪ ਬਿਗਾੜਨਾ ਹੈ; ਸਿਰ-ਗੁੰਮਾਂ, ਨੜੀਮਾਰਾਂ ਨਾਲ ਰੋਟੀ ਬੇਟੀ ਦੀ ਸਾਂਝ ਕਰਨ ਦੀ ਹਾਮਾ ਭਰੀ ਹੈ ਅਤੇ ਮੁੱਕਦੀ ਗੱਲ "ਸਹਿਜਧਾਰੀ ਸਿਖ" ਦੇ ਨਾਮ ਨਾਲ ਆਪ ਹੀ ਸਿੱਖ ਧਰਮ ਵਿਚ ਆ ਘੁਸੇ ਹਨ। ਸਿਖ ਧਰਮ ਦਾ ਦੋਖੀ ਆਪਣੇ ਨਿਸ਼ਾਨੇ ਵਿਚ ਖ਼ੂਬ ਕਾਮਯਾਬ ਹੋਇਆ ਭਸਦਾ ਹੈ। ਮਾੜੇ ਭਾਗ ਸਾਡੇ, ਜਿਨ੍ਹਾਂ ਨੇ ਪ੍ਰਚਲਤ ਰਹਿਤਨਾਮਿਆਂ ਨੂੰ ਛਾਣਬੀਣ ਕੀਤੇ ਬਗੈਰ ਪਵਿੱਤਰ ਧਾਰਮਕ ਪੁਸਤਕਾਂ ਸਮਝ ਕੇ, ਇਨ੍ਹਾਂ ਨੂੰ ਗੁਰੂ-ਹੁਕਮ ਸਮਝ ਕੇ, ਇਨ੍ਹਾਂ ਮੁਤਾਬਿਕ ਆਪਣਾ ਜੀਵਨ ਢਾਲ ਲਿਆ, ਅਤੇ ਇਨ੍ਹਾਂ ਰਹਿਤਨਾਮਿਆਂ ਨੂੰ ਗੁਰਬਾਣੀ ਦੇ ਚਾਨਣ ਵਿਚ ਵਿਚਾਰਨ ਤੇ ਕੱਚ-ਸੱਚ ਦਾ ਨਿਤਾਰਾ ਕਰਨ ਦਾ ਉਪਰਾਲਾ ਤੱਕ ਨਹੀਂ ਕੀਤਾ। ਹਾਲਾਂ ਕਿ ਗੁਰੂ ਸਾਹਿਬ ਜੀ ਦਾ ਹੁਕਮ ਹੈ ਕਿ, "ਗਗਾ ਗੁਰ ਕੇ ਬ੍ਰਚਨ ਪਛਾਨਾ ॥ ਦੂਜੀ ਬਾਤ ਨ ਧਰਈ ਕਾਨਾ"। ਭਾਵ ਕਿ ਸਿਖ ਕੇਵਲ ਗੁਰਬਾਣੀ ਦੇ ਹੁਕਮਾਂ ਤੇ ਨਿਸਚਾ ਧਰੇ। ਹੋਰ ਕਿਸੇ ਲਿਖਤ-ਕੁਲਿਖਤ ਦਾ ਕਤਈ ਇਤਬਾਰ ਨਾ ਕਰੇ। ਪਤਾ ਨਹੀਂ, ਸਿਖ ਧਰਮ ਦੇ ਮੁਹਾਣਿਆਂ ਨੂੰ ਇਸ ਗੱਲ ਦਾ ਅਹਿਸਾਸ ਕਿਉਂ ਨਹੀਂ ਹੋਇਆ।

ਗੁਰਬਾਣੀ ਕੁਝ ਹੋਰ ਕਹਿੰਦੀ ਹੈ, ਰਹਿਤਨਾਮਿਆਂ ਦੀਆਂ ਲਿਖਤਾਂ ਕੁਝ ਹੋਰ ਕਹਿੰਦੀਆਂ ਹਨ। ਜੇ ਅਸਾਂ ਅੱਖਾਂ ਮੀਟ ਕੇ ਇਨ੍ਹਾਂ ਪ੍ਰਮਾਣੀਕ ਰਹਿਤਨਾਮਿਆਂ ਦੀ ਹੀ ਅਗਵਾਈ ਵਿਚ ਚੱਲਣਾ ਹੈ ਤਾਂ ਗੁਰਬਾਣੀ ਦੀ ਅਗਵਾਈ ਵਿਚ ਕਉਣ ਚਲੇਗਾ? ਸਾਡਾ ਗੁਰੂ ਬਾਣੀ ਹੈ। ਅਤੇ ਜੋ ਵੀ ਲਿਖਤ ਗੁਰਬਾਣੀ ਦੀ ਵਿਚਾਰਧਾਰਾ ਨਾਲ ਟਕਰਾਅ ਕਰਦੀ ਹੈ, ਯਕੀਨਨ ਭਰੋਸੇ ਯੋਗ ਨਹੀਂ।

ਗੁਰਬਾਣੀ ਤਾਂ ਵੇਦੀਨਾਂ ਦੀ ਦੋਸਤੀ ਅਤੇ ਵੇਦੀਨਾਂ ਦੇ ਖਾਣੇ ਦੀ ਮਨਾਹੀ ਕਰਦੀ ਹੈ, ਪਰ ਇਨ੍ਹਾਂ ਰਹਿਤਨਾਮਿਆਂ ਵਿਚ ਮਿਲਗੋਭਾ ਕੀਤੇ ਗਏ ਤਥਾਂ ਦੁਆਰਾ ਸਿਖ ਧਰਮ ਦੇ ਦੋਖੀਆਂ ਨੇ ਵੇਦੀਨਾਂ ਦੀਆਂ ਰੀਤਾਂ (ਦੋਸਤੀ) ਅਤੇ ਵੇਦੀਨਾਂ ਨਾਲ ਰੋਟੀ ਬੇਟੀ ਦੀ ਸਾਂਝ ਪਾਉਣ ਦੀ ਖੁਲ੍ਹ ਵਰਤਾ ਦਿਤੀ ਹੈ। ਇਉਂ ਇਨ੍ਹਾਂ ਕੁਲਿਖਤਾਂ ਦੀ ਮਿਲਾਵਟ ਨਾਲ ਖਾਲਸਾ ਜੀ ਨੂੰ ਗੁਰਮਤਿ ਤੋਂ ਦੁਰਾਡੇ ਲਿਜਾਣ ਦੇ ਭਰਪੂਰ ਕੁਹਜੇ ਜਤਨ ਕੀਤੇ ਗਏ ਹਨ, ਜਿਨ੍ਹਾਂ ਤੋਂ ਖ਼ਬਰਦਾਰੀ ਦੀ ਲੋੜ ਹੈ।

**ਮੁਕਵੀਂ ਗੱਲ**—ਉਪਰ ਦਰਸਾਈਆਂ ਚੰਦ-ਇਕ ਮਿਸਾਲਾਂ ਤੋਂ ਸਪੱਸ਼ਟ ਹੈ ਕਿ ਪੁਰਾਤਨ ਰਹਿਤ-ਨਾਮਿਆਂ ਵਿਚ ਕੁਝ ਤੱਥ ਸਿਖ-ਧਰਮ ਦੀ Negation (ਮਲੀਆਮੇਸ਼ਨ) ਹਨ। ਕਲਗੀਧਰ ਪਾਤਸ਼ਾਹ ਜੀ ਦੀਆਂ ਦੱਸੀਆਂ ਕੁਰਹਿਤਾਂ ਨੂੰ, ਇਨ੍ਹਾਂ ਮਿਲਗੋਭਾ ਰਹਿਤਨਾਮਿਆਂ ਨੇ ਕੁਰਹਿਤਾਂ ਹੀ ਨਹੀਂ ਰਹਿਣ ਦਿਤਾ।


www.AKJ.Org

# ਸ਼ਹੀਦ ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਜੀ

[ਵਲੋਂ—ਸ: ਮੋਹਨ ਸਿੰਘ ਜੀ, ਨਵੀਂ ਦਿਲੀ]

ਲਾਹੌਰ ਤੋਂ ਕੁਝ ਕੁ ਮੀਲ ਦੂਰ ਪਿੰਡ ਜੰਬਰ ਦੇ ਰਹਿਣ ਵਾਲੇ ਸ: ਸੁਬੇਗ ਸਿੰਘ ਉਚ ਆਚਰਨ ਵਾਲੇ ਗੁਰਸਿੱਖ ਤੇ ਫ਼ਾਰਸੀ ਦੇ ਮਹਾਨ ਵਿਦਵਾਨ ਸਨ। ਖਾਨ ਬਹਾਦਰ ਜ਼ਕਰੀਆ ਖਾਨ ਦੇ ਸਮੇਂ ਆਪ ਸਰਕਾਰੀ ਠੇਕੇਦਾਰੀ ਦਾ ਕੰਮ ਕਰਦੇ ਸਨ। ਕੁਝ ਸਮਾਂ ਆਪ ਲਾਹੌਰ ਸ਼ਹਿਰ ਵਿਚ ਕੋਤਵਾਲ ਵੀ ਰਹਿ ਚੁਕੇ ਸਨ ਤੇ ਉਹਨਾਂ ਦੇ ਕੋਤਵਾਲ ਹੋਣ ਦੇ ਸਮੇਂ ਲਾਹੌਰ ਸ਼ਹਿਰ ਦੇ ਵਸਨੀਕਾਂ ਨੇ ਸੁਖ ਸ਼ਾਂਤੀ ਦੇ ਚੰਗੇ ਦਿਨ ਵੇਖੇ ਸਨ। ਆਪ ਦੇ ਸੁਚੱਜੇ ਆਚਰਨ ਤੇ ਲਿਆਕਤ ਕਾਰਨ ਲਾਹੌਰ ਦੇ ਵਸਨੀਕ ਤੇ ਗਵਰਨਰ ਜ਼ਕਰੀਆ ਖਾਨ ਇਹਨਾਂ ਦੀ ਬਹੁਤ ਇੱਜ਼ਤ ਕਰਦਾ ਸੀ।

ਖਾਨ ਬਹਾਦਰ ਜ਼ਕਰੀਆ ਖਾਨ ਸਿੰਘਾਂ ਨੂੰ ਖ਼ਤਮ ਕਰਨ ਦੇ ਸਾਰੇ ਹੀਲੇ ਵਰਤ ਕੇ ਹਾਰ ਗਿਆ। ਜਿਨ੍ਹਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਤੇ ਹੋਣ, ਜੰਗਲੀਂ ਜਿਨ੍ਹਾਂ ਦਾ ਵਾਸਾ ਹੋਵੇ, ਗੁਰੂ ਜਿਨ੍ਹਾਂ ਦੇ ਅੰਗ ਸੰਗ ਹੋਵੇ ਤੇ ਅਕਾਲਪੁਰਖ ਜਿਨ੍ਹਾਂ ਦੇ ਹਿਰਦੇ ਵੱਸੇ, ਦੇਸ਼ ਨੂੰ ਆਜ਼ਾਦ ਕਰਾਉਣ ਲਈ ਜੂਝੇ ਹੋਏ ਐਸੇ ਸਿੰਘਾਂ ਨੂੰ ਭਲਾ ਕੌਣ ਖ਼ਤਮ ਕਰ ਸਕਦਾ ਸੀ।

ਅੰਤ ਜ਼ਕਰੀਆ ਖਾਨ ਨੇ ਦਿੱਲੀ ਦੇ ਬਾਦਸ਼ਾਹ ਤੋਂ ਮਨਜ਼ੂਰੀ ਲੈ ਕੇ ਸਿੰਘਾਂ ਨਾਲ ਸੁਲ੍ਹਾ ਕਰਨ ਦੀ ਤਰਕੀਬ ਸੋਚੀ। ਚੰਗਾ ਅਸਰ ਰਸੂਖ਼ ਰਖਣ ਵਾਲੇ ਭਾਈ ਸੁਬੇਗ ਸਿੰਘ ਨੂੰ ਵਿਚੋਲਾ ਬਣਾਇਆ ਗਿਆ ਤੇ ਸਿੰਘਾਂ ਪਾਸ ਇਹ ਪੇਸ਼ਕਸ਼ ਕਰ ਕੇ ਭੇਜਿਆ ਗਿਆ ਕਿ :–

੧. ਹਕੂਮਤ ਖਾਲਸੇ ਨੂੰ ਇਕ ਲੱਖ ਰੁਪਏ ਸਾਲਾਨਾ ਦੀ ਜਾਗੀਰ ਕੰਗਣਪੁਰ, ਝੁਬਾਲ ਤੇ ਦਿਆਲਪੁਰ ਦੇ ਪਰਗਣੇ ਸੁਲ੍ਹਾ ਦੀ ਪੇਸ਼ਕਸ਼ ਵਜੋਂ ਦਿੰਦੀ ਹੈ।

੨. ਤੁਹਾਡੇ ਜਥੇਦਾਰ ਨੂੰ ਨਵਾਬੀ ਦਾ ਖ਼ਿਤਾਬ ਤੇ ਕੀਮਤੀ ਲਿਬਾਸ ਖ਼ਿਲਅਤ ਵਜੋਂ ਦਿੰਦੀ ਹੈ।

ਜੁਆਬ ਵਿਚ ਹਕੂਮਤ ਤੁਹਾਥੋਂ ਮੰਗ ਕਰਦੀ ਹੈ ਕਿ ਆਪ ਇਸ ਜਾਗੀਰ ਤੇ ਨਵਾਬੀ ਨੂੰ ਪ੍ਰਵਾਨ ਕਰਦੇ ਹੋਏ ਸੁਖ ਮਾਣੋ ਤੇ ਹਕੂਮਤ ਵਿਰੁਧ ਕਾਰਵਾਈ ਕਰਨੀ ਬੰਦ ਕਰ ਦੇਵੋ।

ਸੁਬੇਗ ਸਿੰਘ ਜੀ ਹਕੂਮਤ ਦੀ ਇਹ ਪੇਸ਼ਕਸ਼ ਲੈ ਕੇ ਖਾਲਸੇ ਪਾਸ ਪੁਜੇ ਤੇ ਇਹ ਸਭ ਕੁਝ ਸਵੀਕਾਰ ਕਰਨ ਲਈ ਹਕੂਮਤ ਵਲੋਂ ਬੇਨਤੀ ਕੀਤੀ।

ਸਿੰਘ ਇਸ ਪੇਸ਼ਕਸ਼ ਨੂੰ ਕਬੂਲਣ ਲਈ ਤਿਆਰ ਨਹੀਂ ਸਨ। ਸਿੰਘਾਂ ਦੇ ਜਥੇਦਾਰ ਦੀਵਾਨ ਦਰਬਾਰਾ ਸਿੰਘ ਜੀ ਨੇ ਇਹ ਕਹਿ ਕੇ ਨਵਾਬੀ ਦਾ ਖ਼ਿਤਾਬ ਲੈਣੋਂ ਇਨਕਾਰ ਕਰ ਦਿਤਾ ਕਿ "ਸਾਨੂੰ ਸਤਿਗੁਰਾਂ ਦਾ ਵਰ ਹੈ ਕਿ ਖਾਲਸਾ ਰਾਜ ਕਰੇਗਾ।" ਜਦੋਂ ਕੋਈ ਵੀ ਸਿੰਘ ਸਰਦਾਰ, ਹਕੂਮਤ ਦੀ ਬੇਨਤੀ ਪ੍ਰਵਾਨ ਕਰਨ ਨੂੰ

---

(ਸਫਾ ੨੦ ਦੀ ਬਾਕੀ)

ਗੁਰੂ ਸਾਹਿਬ ਜੀ ਵਲੋਂ ਬਿਪਰਨ ਰੀਤਾਂ ਦਾ ਤਿਆਗ ਕਰਨ ਦੇ ਹੁਕਮਾਂ ਦੀ, ਇਨ੍ਹਾਂ ਰਹਿਤਨਾਮਿਆਂ ਵਿਚਲੀਆਂ ਮਿਲਗੋਭਾ ਲਿਖਤਾਂ ਨੇ, ਕੇਵਲ ਉਲੰਘਣਾ ਹੀ ਨਹੀਂ, ਸਗੋਂ ਵਿਰੋਧਤਾ ਕੀਤੀ ਹੈ। ਸਗੋਂ ਬਿਪਰਨ-ਰੀਤਾਂ ਨੂੰ ਸਿਖ ਧਰਮ ਅੰਦਰ ਮੁੜ ਪ੍ਰਚਲਤ ਕਰਕੇ ਰੱਖ ਦਿਤਾ ਹੈ। ਕੇਸਾਂ ਦੀ ਨਿਤਾਪ੍ਰਤਿ ਬੇਅਦਬੀ ਕਰਨ ਵਾਲਿਆਂ (ਸਿਰ ਗੁੰਮਾਂ) ਨੇ ਸਹਿਜਧਾਰੀ ਸਿਖ ਦੇ ਨਾਮ ਹੇਠ,ਸਿਖ ਧਰਮ ਵਿਚ ਵੜ ਕੇ ਸਿੱਖੀ ਸਰੂਪ ਦੀ ਧਾਰਨਾ ਨੂੰ ਅਮਲੀ ਤੌਰ ਤੇ ਦੂਸ਼ਤ ਕਰਕੇ ਰੱਖ ਦਿੱਤਾ ਹੈ। ਗਜ਼ਬ ਸਾਈਂ ਦਾ ! ਕਿ ਭਾਈ ਚੋਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਇਹ ਲਿਖ ਮਾਰਿਆ ਹੈ ਕਿ "**ਇਹ ਜੋ ਬਚਨ ਵਿਚਾਰ ਕਰਕੇ ਸਿਖਾਂ ਦੀ ਮਰਜ਼ੀ ਨਾਲ ਆਗਿਆ ਗੁਰੂ ਜੀ ਦੀ ਨਾਲ ਲਿਖੇ ਹੈਨਿ, ਜਗਤ ਨੂੰ ਨਹੀਂ ਆਖੇ, ਸੋ ਸਿਖਾਂ ਨੂੰ ਆਖੇ ਹੈਨਿ।**"



www.AKJ.Org

ਤਿਆਰ ਨਾ ਹੋਇਆ ਤਾਂ ਸ: ਸੁਬੇਗ ਸਿੰਘ ਜੀ ਨੇ ਕਿਹਾ, "ਖਾਲਸਾ ਜੀ, ਮੇਰੀ ਬੇਨਤੀ ਮੰਨੋ ਤੇ ਕਿਸੇ ਸੇਵਾਦਾਰ ਨੂੰ ਹੀ ਨਵਾਬੀ ਦਾ ਖ਼ਿਤਾਬ ਦੇ ਦੇਵੋ। ਇਹ ਜਾਗੀਰ ਲੈ ਲਵੋ। ਇਸ ਤਰ੍ਹਾਂ ਕੁਝ ਸਮਾਂ ਸੁਖ ਚੈਨ ਦਾ ਜੀਵਨ ਜੀ ਕੇ ਜ਼ਾਲਮਾਂ ਵਿਰੁਧ ਹੋਰ ਵਧੇਰੇ ਤਿਆਰੀ ਕਰ ਸਕੋਗੇ। ਐਵੇਂ ਹਕੂਮਤ ਦੇ ਝੁਕਾਅ ਨੂੰ ਠੁਕਰਾਓ ਨਾਂਹ।"

ਭਾਈ ਸੁਬੇਗ ਸਿੰਘ ਜੀ ਦੀ ਬੇਨਤੀ ਪ੍ਰਵਾਨ ਹੋਈ ਤੇ ਨਵਾਬੀ ਉਸ ਸਮੇਂ ਸੰਗਤਾਂ ਨੂੰ ਪੱਖਾ ਝੱਲ ਰਹੇ ਸ: ਕਪੂਰ ਸਿੰਘ ਨੂੰ ਦੇ ਦਿਤੀ ਗਈ।

ਭਾਈ ਸੁਬੇਗ ਸਿੰਘ ਜੀ ਦੇ ਵਾਪਸ ਲਾਹੌਰ ਆਉਣ ਤੇ ਜ਼ਕਰੀਆ ਖਾਨ ਨੇ ਉਹਨਾਂ ਦਾ ਬਹੁਤ ਧੰਨਵਾਦ ਕੀਤਾ। ਸਿੰਘ ਸਾਹਿਬ ਦਾ ਜ਼ਕਰੀਆ ਖਾਨ ਤੇ ਇਹ ਇਕ ਬਹੁਤ ਵਡਾ ਅਹਿਸਾਨ ਸੀ। ਇਸ ਤੋਂ ਛੁਟ ਹੋਰ ਵੀ ਕਈ ਮੌਕਿਆਂ ਤੇ ਸ: ਸੁਬੇਗ ਸਿੰਘ ਨੇ ਜ਼ਕਰੀਆ ਖਾਨ ਦੇ ਕਈ ਯੋਗ ਕੰਮ ਸਵਾਰੇ ਸਨ।

ਹਕੂਮਤ ਤੇ ਸਿੰਘਾਂ ਵਿਚਾਲੇ ਕੁਝ ਸਾਲ ਸੁਲ੍ਹਾ ਰਹੀ, ਪਰ ਕੁਝ ਸਮੇਂ ਬਾਅਦ ਜ਼ਕਰੀਆ ਖਾਨ ਨੇ ਫਿਰ ਸਖ਼ਤੀ ਕਰਨੀ ਸ਼ੁਰੂ ਕਰ ਦਿਤੀ। ਸਿੰਘ ਚੰਗੇ ਮੌਕੇ ਦੀ ਭਾਲ ਵਿਚ ਮੁੜ ਜੰਗਲਾਂ ਨੂੰ ਤੁਰ ਗਏ।

ਸ: ਸੁਬੇਗ ਸਿੰਘ ਜੀ ਦਾ ਹੋਣਹਾਰ ਲੜਕਾ ਸ਼ਾਹਬਾਜ਼ ਸਿੰਘ ਲਾਹੌਰ ਦੇ ਇਕ ਮਦਰੱਸੇ (ਸਕੂਲ) ਵਿਚ ਕਾਜ਼ੀ ਪਾਸੋਂ ਫ਼ਾਰਸੀ ਵਿਦਿਆ ਹਾਸਲ ਕਰਦਾ ਸੀ। ਜਦੋਂ ਇਹ ਬੱਚਾ ੧੮ ਵਰ੍ਹਿਆਂ ਦਾ ਹੋਇਆ ਤਾਂ ਬੜਾ ਸੁੰਦਰ ਗਭਰੂ ਹੋ ਨਿਤਰਿਆ। ਕਾਜ਼ੀ ਇਸ ਬੱਚੇ ਦੇ ਆਚਰਨ ਤੇ ਲਿਆਕਤ ਤੋਂ ਬਹੁਤ ਪ੍ਰਭਾਵਤ ਸੀ।

ਮਨ ਹੀ ਮਨ ਕਾਜ਼ੀ ਕਹਿਣ ਲਗਾ, ਕਿਉਂ ਨਾ ਇਸ ਮੁੰਡੇ ਨੂੰ ਇਸਲਾਮ ਧਰਮ ਵਿਚ ਲਿਆ ਕੇ ਆਪਣੀ ਸੁੰਦਰ ਲੜਕੀ ਦਾ ਇਸ ਨਾਲ ਵਿਆਹ ਕਰ ਕੇ ਇਸ ਨੂੰ ਆਪਣਾ ਜਵਾਈ ਬਣਾ ਲਵਾਂ। ਇਸ ਮੰਤਵ ਦੀ ਪੂਰਤੀ ਲਈ ਹੌਲੀ ਹੌਲੀ ਕਾਜ਼ੀ ਨੇ ਸ਼ਾਹਬਾਜ਼ ਸਿੰਘ ਨੂੰ ਇਸਲਾਮ ਧਰਮ ਦੀਆਂ ਖੂਬੀਆਂ ਦਸ ਦਸ ਕੇ ਇਸਲਾਮ ਧਰਮ ਵਲ ਪ੍ਰੇਰਨਾ ਆਰੰਭਿਆ। ਸ਼ਾਹਬਾਜ਼ ਸਿੰਘ ਭਾਵੇਂ ਇਸਲਾਮੀ ਵਾਤਾਵਰਣ ਵਿਚ ਵਿਦਿਆ ਹਾਸਲ ਕਰ ਰਿਹਾ ਸੀ, ਪਰ ਉਸ ਨੂੰ ਬਚਪਨ ਤੋਂ ਹੀ ਮਾਤਾ ਪਿਤਾ ਨੇ ਸਿੱਖ ਧਰਮ ਦੇ ਸੁੰਦਰ ਅਸੂਲ, ਸ੍ਰਛ ਫ਼ਿਲਾਸਫ਼ੀ ਤੇ ਗੁਰੂ ਸਾਹਿਬਾਨ ਦੇ ਕਮਾਲ ਦੇ ਜੀਵਨ-ਕਾਰਨਾਮਿਆਂ ਤੋਂ ਜਾਣੂ ਕਰਵਾਣਾ ਆਰੰਭ ਦਿਤਾ ਸੀ। ਗਭਰੂ ਹੋਣ ਤਕ ਹੁਣ ਉਸ ਨੂੰ ਨਾ-ਸਿਰਫ ਆਪਣੇ ਧਰਮ ਬਾਰੇ ਹੀ ਪੂਰੀ ਜਾਣਕਾਰੀ ਸੀ, ਸਗੋਂ ਹਿੰਦੂ ਮੱਤ ਤੇ ਇਸਲਾਮ ਬਾਰੇ ਵੀ ਉਸ ਨੂੰ ਬਥੇਰਾ ਕੁਝ ਪਤਾ ਸੀ। ਉਸ ਨੂੰ ਮਾਣ ਸੀ ਆਪਣੇ ਸੁਨਹਿਰੀ ਸਿੱਖ ਇਤਿਹਾਸ ਤੇ। ਉਸ ਨੇ ਪੰਜਵੇਂ ਤੇ ਨੌਵੇਂ ਗੁਰੂ ਸਾਹਿਬਾਨ ਤੇ ਹੋਰ ਸਿੱਖ ਸ਼ਹੀਦਾਂ ਦਾ ਸ਼ਹੀਦੀ ਇਤਿਹਾਸ ਬੜੇ ਸ਼ੌਕ ਨਾਲ ਆਪਣੇ ਮਾਤਾ ਪਿਤਾ ਤੋਂ ਸੁਣਿਆ ਹੋਇਆ ਸੀ। ਇਸ ਕਰਕੇ ਕਾਜ਼ੀ ਉਸ ਨੂੰ ਆਪਣੇ ਮੰਤਵ ਵਲ ਪ੍ਰੇਰ ਨਾ ਸਕਿਆ। ਜਦੋਂ ਕਦੀ ਕਾਜ਼ੀ ਇਸਲਾਮ ਧਰਮ ਦੇ ਗੁਣਾਂ ਦੀ ਗੱਲ ਛੇੜਦਾ ਤਾਂ ਸ਼ਾਹਬਾਜ਼ ਸਿੰਘ ਇਸਲਾਮ ਤੋਂ ਕਿਤੇ ਵਧ ਸਿੱਖ ਧਰਮ ਦੇ ਗੁਣਾਂ ਦਾ ਵਰਨਣ ਕਰਨ ਲਗ ਪੈਂਦਾ। ਕਾਜ਼ੀ ਦੇ ਰੋਜ਼ ਦੇ ਇਸਲਾਮ ਧਰਮ ਦੀਆਂ ਤਾਰੀਫ਼ਾਂ ਦੇ ਚਰਚੇ ਕਾਰਨ ਸ਼ਾਹਬਾਜ਼ ਸਿੰਘ ਹੋਰ ਵੀ ਸੁਚੇਤ ਰਹਿਣ ਲਗ ਪਿਆ ਤੇ ਮਦਰੱਸੇ ਵਿਚ ਹੋਈਆਂ ਕਾਜ਼ੀ ਨਾਲ ਗੱਲਾਂ ਬਾਤਾਂ ਦਾ ਜ਼ਿਕਰ ਉਹ ਘਰ ਆ ਕੇ ਆਪਣੇ ਮਾਤਾ ਨਾਲ ਵੀ ਕਰ ਦਿੰਦਾ ਰਿਹਾ।

ਜਦੋਂ ਕਾਫ਼ੀ ਸਮੇਂ ਦੀ ਪ੍ਰੇਰਨਾ ਮਗਰੋਂ ਕਾਜ਼ੀ ਨੂੰ ਆਪਣੇ ਕੁਟਿਲ ਮੰਤਵ ਵਿਚ ਸਫਲਤਾ ਪ੍ਰਾਪਤ ਹੁੰਦੀ ਨਾ ਦਿਸੀ ਤਾਂ ਉਸ ਨੇ ਪੈਂਤੜਾ ਬਦਲਿਆ, ਤੇ ਹੁਣ ਡਰ ਡਰਾਵੇ ਤੋਂ ਕੰਮ ਲੈਣ ਲਗਾ। ਉਸ ਨੇ ਸ਼ਾਹਬਾਜ਼ ਸਿੰਘ ਨੂੰ ਕਿਹਾ, "ਜੇ ਤੂੰ ਮੁਸਲਮਾਨ ਧਰਮ ਗ੍ਰਹਿਣ ਕਰ ਕੇ ਮੇਰਾ ਜਵਾਈ ਬਣਨਾ ਕਬੂਲ ਕਰ ਲਵੇਂ ਤਾਂ ਠੀਕ ਹੈ, ਨਹੀਂ ਤਾਂ ਮੈਂ ਤੇਰੇ ਵਿਰੁਧ ਸ਼ਿਕਾਇਤ ਕਰ ਕੇ ਤੈਨੂੰ ਮਰਵਾ ਦਿਆਂਗਾ।"

ਜਦੋਂ ਸ਼ਾਹਬਾਜ਼ ਸਿੰਘ ਨੂੰ ਕਾਜ਼ੀ ਦੇ ਡਰਾਵੇ ਵੀ ਇਸਲਾਮ ਧਰਮ ਵਿਚ ਲਿਆਉਣ ਵਿਚ ਕਾਮਯਾਬ ਨਾ ਹੋ ਸਕੇ ਤਾਂ ਕਾਜ਼ੀ ਨੇ ਗਵਰਨਰ ਖਾਨ ਬਹਾਦਰ ਜ਼ਕਰੀਆ ਖਾਨ ਪਾਸ ਹੋਣਹਾਰ ਸ਼ਾਹਬਾਜ਼ ਸਿੰਘ ਵਿਰੁਧ ਇਹ ਸ਼ਿਕਾਇਤ ਪਹੁੰਚਾਈ ਕਿ ਸ਼ਾਹਬਾਜ਼ ਸਿੰਘ ਨੇ ਇਸਲਾਮ ਧਰਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ


www.AKJ.Org

ਲਈ ਬਹੁਤ ਭੱਦੇ ਸ਼ਬਦ ਵਰਤੇ ਹਨ ਅਤੇ ਇਹ ਇਸਲਾਮ ਧਰਮ ਵਿਚ ਕਈ ਨੁਕਸ ਦਸਦਾ ਹੈ। ਆਪਣੇ ਨਾਪਾਕ ਇਰਾਦੇ ਦੀ ਪੂਰਤੀ ਲਈ ਕਾਜ਼ੀ ਨੇ ਇਕ ਮਸ਼ਹੂਰ ਸਿੱਖ ਲਹਿਰ ਵਿਰੋਧੀ ਲਾਹੌਰ ਦੇ ਮੁਸਲਿਮ ਮੈਜਿਸਟਰੇਟ ਦੀ ਮਦਦ ਵੀ ਲਈ। ਜ਼ਕਰੀਆ ਖਾਨ ਦੇ ਕੰਨ ਇਹਨਾਂ ਸਿੱਖ ਪਿਉ ਪੁੱਤਰਾਂ ਵਿਰੁੱਧ ਐਨੇ ਭਰੇ ਗਏ ਕਿ ਉਹ ਸੁਬੇਗ ਸਿੰਘ ਦੁਆਰਾ ਕੀਤੇ ਗਏ ਉਸ ਉਪਰ ਅਹਿਸਾਨਾਂ ਨੂੰ ਮੂਲੋਂ ਹੀ ਭੁੱਲ ਗਿਆ ਤੇ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਦੀ ਗ੍ਰਿਫਤਾਰੀ ਦਾ ਹੁਕਮ ਦੇ ਦਿਤਾ।

ਦੋਹਾਂ ਪਿਉ ਪੁੱਤਰਾਂ ਨੂੰ ਜੇਲ੍ਹ ਦੀਆਂ ਅਲਗ ਅਲਗ ਕਾਲ-ਕੋਠੜੀਆਂ ਵਿਚ ਬੰਦ ਕਰ ਦਿਤਾ ਗਿਆ। ਇਸਲਾਮੀ ਕਾਨੂੰਨ ਦਾ ਉਸ ਸਮੇਂ ਇਹ ਹਾਲ ਸੀ ਕਿ ਗ਼ੈਰ-ਮੁਸਲਿਮ ਧਰਮ ਵਾਲਿਆਂ ਨੂੰ ਸਰਕਾਰੋਂ ਇਨਸਾਫ ਮਿਲਣ ਦੀ ਕੋਈ ਆਸ ਨਹੀਂ ਸੀ ਹੁੰਦੀ। ਜਾਨ ਬਚ ਸਕਦੀ ਸੀ ਤਾਂ ਕੇਵਲ ਉਹਨਾਂ ਦੀ, ਜਿਹੜੇ ਆਪਣੇ ਧਰਮ ਨੂੰ ਤਿਲਾਂਜਲੀ ਦੇ ਕੇ ਮੁਸਲਮਾਨ ਬਣਨਾ ਮੰਨ ਲੈਣ। ਸਿੱਖਾਂ ਲਈ ਤਾਂ ਉਸ ਸਮੇਂ ਸ਼ਹਿਰਾਂ ਵਿਚ ਰਹਿਣਾ ਵੀ ਅਸੰਭਵ ਜਿਹੀ ਗੱਲ ਸੀ। ਕਾਲ-ਕੋਠੜੀ ਵਿਚ ਬੰਦ ਕੀਤੇ ਹੋਏ ਸ਼ਾਹਬਾਜ਼ ਸਿੰਘ ਨੂੰ ਕਿਹਾ ਗਿਆ "ਤੇਰੇ ਪਿਤਾ ਨੂੰ ਕਤਲ ਕਰ ਦਿਤਾ ਗਿਆ ਹੈ। ਹੁਣ ਤੂੰ ਮੁਸਲਮਾਨ ਬਣ ਜਾ ਤੇ ਆਪਣੀ ਜਾਨ ਬਚਾ ਲੈ। ਕਿਉਂ ਆਪਣੀ ਜੁਆਨੀ ਵਿਅਰਥ ਗੁਆਉਂਦਾ ਹੈਂ?" ਉਧਰ ਸੁਬੇਗ ਸਿੰਘ ਨੂੰ ਅਲੱਗ ਤੌਰ ਤੇ ਇਹ ਕਿਹਾ ਗਿਆ ਕਿ "ਤੇਰਾ ਲੜਕਾ ਸ਼ਾਹਬਾਜ਼ ਸਿੰਘ ਮੁਸਲਮਾਨ ਹੋਣਾ ਮੰਨ ਗਿਆ ਹੈ। ਇਸ ਲਈ ਹੁਣ ਤੂੰ ਵੀ ਮੁਸਲਮਾਨ ਹੋਣਾ ਮੰਨ ਜਾ ਤੇ ਸਿੱਖੀ ਨੂੰ ਛਡ ਦੇ।" ਇਸ ਝੂਠੇ ਪ੍ਰਾਪੇਗੰਡੇ ਦੇ ਬਾਵਜੂਦ ਦੋਵੇਂ ਸਿੰਘ ਸਿੱਖੀ ਸਿਦਕ ਵਿਚ ਦ੍ਰਿੜ੍ਹ ਰਹੇ ਤੇ ਆਉਣ ਵਾਲੇ ਕਠਿਨ ਇਮਤਿਹਾਨ ਦੀ ਤਿਆਰੀ ਕਰਨ ਲਗ ਪਏ। ਹਰ ਸਮੇਂ ਬਾਣੀ ਪੜ੍ਹਦੇ, ਸਿੱਖ ਸ਼ਹੀਦਾਂ ਦੇ ਕਾਰਨਾਮੇ ਚੇਤੇ ਕਰਦੇ ਤੇ ਅਰਦਾਸ ਕਰਦੇ ਗੁਰੂ ਚਰਨਾਂ ਦਾ ਧਿਆਨ ਕਰ ਕੇ—"ਹੇ ਸੱਚੇ ਪਾਤਸ਼ਾਹ, ਸਾਨੂੰ ਬੱਲ ਬਖਸ਼ੀਂ ਤਾਂ ਜੁ ਅਸੀਂ ਵੀ ਆਪਣੇ ਜੰਗਲੀਂ ਵਸਦੇ ਸਿੱਖ ਵੀਰਾਂ ਵਾਂਗੂ ਹੱਸ ਹੱਸ ਜਾਨਾਂ ਵਾਰ ਜਾਈਏ, ਪਰ ਸਿੱਖੀ ਸਿਦਕ ਤੋਂ ਡੋਲੀਏ ਨਾ।" ਅਚਾਨਕ ਖ਼ਾਨ ਬਹਾਦਰ ਜ਼ਕਰੀਆ ਖਾਨ ਦੀ ਮੌਤ ਹੋ ਗਈ ਤੇ ਉਹਦਾ ਲੜਕਾ ਯਹੀਆ ਖਾਨ ਲਾਹੌਰ ਦਾ ਗਵਰਨਰ ਬਣਿਆ। ਇਹ ਪਿਤਾ ਤੋਂ ਵੀ ਵਧ ਸਿੱਖਾਂ ਦਾ ਵੈਰੀ ਸੀ।

ਦੋਹਾਂ ਪਿਉ ਪੁੱਤਰਾਂ ਨੂੰ ਇਕੋ ਸਮੇਂ ਯਹੀਆ ਖਾਨ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ ਤੇ ਉਹਨਾਂ ਦਾ ਕਸੂਰ ਦਸਿਆ ਗਿਆ। ਦੋਹਾਂ ਨੂੰ ਕਿਹਾ ਗਿਆ, "ਇਸਲਾਮ ਧਰਮ ਗ੍ਰਹਿਣ ਕਰਨਾ ਮੰਨ ਲਵੋ ਤਾਂ ਤੁਹਾਡੀ ਜਾਨ ਬਖਸ਼ੀ ਜਾ ਸਕਦੀ ਹੈ, ਨਹੀਂ ਤਾਂ ਤੁਹਾਨੂੰ ਦੋਹਾਂ ਨੂੰ ਬੁਰੀ ਮੌਤੇ ਮਾਰਿਆ ਜਾਵੇਗਾ।" ਪਿਉ ਪੁੱਤਰ ਵਲੋਂ ਇਕੋ ਹੀ ਉੱਤਰ ਸੀ, "ਸਾਨੂੰ ਸਿੱਖੀ ਜਾਨੋਂ ਵਧ ਪਿਆਰੀ ਹੈ। ਅਸੀਂ ਦੁਖੜੇ ਸਹਿ ਸਕਦੇ ਹਾਂ, ਪਰ ਸਿੱਖੀ ਤੋਂ ਮੁਨਕਰ ਨਹੀਂ ਹੋ ਸਕਦੇ। ਸਾਡਾ ਕੋਈ ਕਸੂਰ ਨਹੀਂ, ਪਰ ਤੁਹਾਡੀ ਕਚਹਿਰੀ ਵਿਚ ਤਾਂ ਕਸੂਰਵਾਰ ਜਾਂ ਬੇਕਸੂਰ ਲਈ ਇਕੋ ਹੀ ਮਾਪ-ਦੰਡ ਹੈ ਇਸਲਾਮ। ਤੁਸੀਂ ਜੋ ਕਰਨਾ ਹੈ ਕਰੋ, ਅਸੀਂ ਮਰਨ ਨੂੰ ਤਿਆਰ ਹਾਂ।"

ਸ਼ਾਹੀ ਕਾਜ਼ੀ ਨੇ ਫ਼ਤਵਾ ਦਿਤਾ, ਇਹਨਾਂ ਦੋਹਾਂ ਨੂੰ ਇਕੋ ਸਮੇਂ ਆਹਮੋ-ਸਾਹਮਣੇ ਚਰਖੜੀਆਂ ਤੇ ਚਾੜ੍ਹ ਕੇ ਕਤਲ ਕੀਤਾ ਜਾਵੇ। ਦੋ ਦੋ ਪਹੀਆਂ ਵਾਲੀਆਂ, ਤੇਜ਼ ਕੀਤੇ ਹੋਏ ਟੇਢੇ ਚਾਕੂ ਜੜ੍ਹੀਆਂ ਹੋਈਆਂ ਦੋ ਚਰਖੜੀਆਂ ਮੰਗਵਾਈਆਂ ਗਈਆਂ। ਭਾਈ ਸੁਬੇਗ ਸਿੰਘ, ਸ਼ਾਹਬਾਜ਼ ਸਿੰਘ ਨੂੰ ਅਲੱਗ ਅਲੱਗ ਚਰਖੜੀਆਂ ਤੇ ਘੁੱਟ ਕੇ ਬੰਨ੍ਹ ਦਿਤਾ ਗਿਆ। ਚਰਖੜੀਆਂ ਘੁਮਾਈਆਂ ਗਈਆਂ। ਤੇਜ਼ ਚਾਕੂਆਂ ਨੇ ਸਿੰਘਾਂ ਦੇ ਤਨ ਚੀਰਨੇ ਆਰੰਭ ਦਿਤੇ। ਸਰੀਰਾਂ ਚੋਂ ਖੂਨ ਸਿੰਮਣਾ ਆਰੰਭ ਹੋ ਗਿਆ। ਚਰਖੜੀਆਂ ਰੋਕ ਕੇ ਫਿਰ ਉਹਨਾਂ ਤੋਂ ਪੁਛਿਆ ਗਿਆ, "ਕੀ ਇਸਲਾਮ ਕਬੂਲਦੇ ਹੋ?" ਦੋਹਾਂ ਤੋਂ ਉੱਤਰ ਮਿਲਿਆ, "ਨਹੀਂ! ਨਹੀਂ!! ਕਦੀ ਨਹੀਂ!"

ਚਰਖੜੀਆਂ ਫੇਰ ਚਲੀਆਂ। ਮਾਸ ਛਿਲਿਆ ਜਾਣ ਲੱਗਾ। ਖੂਨ ਦੀਆਂ ਧਾਰਾਂ ਵਗ ਤੁਰੀਆਂ। ਸਿੰਘ ਬਾਣੀ ਪੜ੍ਹਦੇ ਰਹੇ, ਗੁਰੂ ਚਰਨਾਂ ਵਿਚ ਚਿੱਤ ਨੂੰ ਜੋੜੀ ਰਖਿਆ ਤੇ ਸਿਰ ਆਏ ਕਸ਼ਟ ਦਾ ਮੁਕਾਬਲਾ ਦ੍ਰਿੜ੍ਹਤਾ ਨਾਲ ਕਰਦੇ ਰਹੇ। ਕਿਤਨਾ ਭਿਆਨਕ ਦ੍ਰਿਸ਼ ਸੀ ਉਹ। ਕਿਤਨੇ ਜ਼ਾਲਮ ਇਨਸਾਨ ਸਨ ਉਹ ਜੋ ਇਸਲਾਮ ਦੇ ਵਾਧੇ ਲਈ ਐਸੇ ਪਾਪ ਕਰਦੇ ਰਹੇ।

[ਬਾਕੀ ੨੫ ਸਫੇ ਦੇ ਹੇਠ ਵੇਖੋ]



www.AKJ.Org

# ਅੰਦਰ ਝਾਤੀ ਮਾਰ ਅਤੇ ਸੁੰਦਰ ਦਰਸ਼ਨ ਕਰ

[ਪ੍ਰੋਫੈਸਰ ਸਾਹਿਬ ਸਿੰਘ ਜੀ ਡੀ. ਲਿਟ.]

ਇਕ ਰਾਹੀ-ਮੁਸਾਫ਼ਰ ਸੜਕੋ ਸੜਕ ਤੁਰਿਆ ਜਾ ਰਿਹਾ ਹੈ। ਸੜਕ ਉਤੇ ਢੇਰ ਦੂਰ ਤੇ ਕੋਈ ਇਕ ਮੀਲ ਦੀ ਵਿੱਥ ਤੇ ਉਸ ਨੂੰ ਇਉਂ ਜਾਪਦਾ ਹੈ ਜਿਵੇਂ ਪੁਰਾਣੀਆਂ ਇੱਟਾਂ ਦਾ ਇਕ ਵੱਡਾ ਸਾਰਾ ਢੇਰ ਪਿਆ ਹੋਇਆ ਹੈ। ਰਤਾ ਹੋਰ ਅਗਾਂਹ ਜਾ ਕੇ ਉਸ ਢੇਰ ਵੱਲ ਤੱਕ ਕੇ ਰਾਹੀ ਦਾ ਪਹਿਲਾਂ ਖ਼ਿਆਲ ਬਦਲ ਜਾਂਦਾ ਹੈ ਤੇ ਉਸ ਨੂੰ ਇਉਂ ਮਲੂਮ ਹੁੰਦਾ ਹੈ ਜਿਵੇਂ ਇਹ ਕਿਸੇ ਪੁਰਾਣੀ ਇਮਾਰਤ ਦੇ ਖੰਡਰ ਪਏ ਹਨ। ਮੁਸਾਫ਼ਰ ਹੋਰ ਅਗਾਂਹ ਜਾਂਦਾ ਹੈ, ਉਸ ਦਾ ਭੁਲੇਖਾ ਥੋੜਾ ਜਿਹਾ ਹੋਰ ਨਿਵਿਰਤ ਹੋ ਜਾਂਦਾ ਹੈ, ਇਹ ਖੰਡਰ ਨਹੀਂ ਹਨ, ਇਕ ਇਮਾਰਤ ਹੈ, ਪਰ ਜਾਪਦੀ ਬਹੁਤ ਪੁਰਾਣੀ ਤੇ ਜਰਜਰੀ ਹੈ। ਰਾਹੀ ਸਹਿਜੇ ਸਹਿਜੇ ਹੁਣ ਇਹ ਮੀਲ ਕੁ ਦਾ ਪੈਂਡਾ ਮੁਕਾ ਕੇ ਏਸ ਇਮਾਰਤ ਦੇ ਨੇੜੇ ਆ ਅੱਪੜਿਆ ਹੈ। ਉਹ ਇੱਟਾਂ ਦਾ ਢੇਰ, ਉਹ ਖੰਡਰ, ਉਹ ਜਰਜਰਾ ਮਕਾਨ—ਇਹ ਸਾਰੇ ਭੁਲੇਖੇ ਹੁਣ ਮਿਟ ਗਏ ਹਨ। ਇਮਾਰਤ ਦੇ ਦਰਵਾਜ਼ੇ ਅੱਗੇ ਅੱਪੜ ਕੇ ਉਸ ਦਾ ਮਨ ਬੜਾ ਪਰਸੰਨ ਹੁੰਦਾ ਹੈ। ਇਮਾਰਤ ਭਾਵੇਂ ਚਿਰ ਦੀ ਬਣੀ ਹੋਈ ਹੈ, ਪਰ ਹੈ ਬੜੀ ਪੱਕੀ, ਸਾਦਾ ਤੇ ਸੁੰਦਰ। ਰਾਹੀ ਦੇ ਮਨ ਵਿਚ ਕੁਝ ਖਿੱਚ ਜਿਹੀ ਪੈਂਦੀ ਹੈ। ਮਕਾਨ ਨੂੰ ਚੰਗੀ ਤਰ੍ਹਾਂ ਵੇਖਣ ਲਈ ਦਰਵਾਜ਼ੇ ਥਾਣੀ ਅੰਦਰ ਲੰਘ ਜਾਂਦਾ ਹੈ। ਅੰਦਰ ਤਾਂ ਅਜੀਬ ਸੋਹਣੇ ਸੋਹਣੇ ਕਮਰੇ ਹਨ, ਭਾਂਤ ਭਾਂਤ ਦੇ ਤਰੀਕਿਆਂ ਨਾਲ ਸਜਾਏ ਹੋਏ ਹਨ। ਦੂਰੋਂ ਥੱਕ ਕੇ ਆਏ ਰਾਹੀ ਦੇ ਮਨ ਵਿਚ ਲਾਲਸਾ ਉਪਜਦੀ ਹੈ ਕਿ ਏਥੇ ਬੈਠ ਕੇ ਸੁਖ ਲਵਾਂ।

ਪੱਛਮੀ ਵਿਦਿਆ ਦੀ ਬਰਕਤ ਨਾਲ ਚਤਰ ਹੋਏ ਹੋਏ ਮੇਰੇ ਮਨ! ਆ, ਆਪਣੇ ਅੰਦਰ ਝਾਤੀ ਮਾਰ। ਕਿਤੇ ਤੂੰ ਭੀ ਸਿੱਖ ਧਰਮ ਦੀ ਇਮਾਰਤ ਨੂੰ ਦੂਰੋਂ ਦੂਰੋਂ ਹੀ ਤਾਂ ਨਹੀਂ ਤੱਕ ਰਿਹਾ? ਸ਼ਾਇਦ ਏਸੇ ਕਾਰਨ ਤੈਨੂੰ ਇਹ ਜਰਜਰੀ ਜਾਪਦੀ ਹੋਵੇ, ਤਾਹੀਏਂ ਤੇਰਾ ਚਿੱਤ ਕਰਦਾ ਹੋਵੇ ਕਿ ਪੁਰਾਣਾ ਹੋਇਆ ਹੋਇਆ ਹਿੱਸਾ ਨਵੇਂ ਫ਼ੈਸ਼ਨ ਦੀ ਇਮਾਰਤ ਬਣੇ? ਪਰ ਸੱਜਣਾ! ਦੂਰੋਂ ਨਜ਼ਰ ਧੋਖਾ ਖਾ ਜਾਂਦੀ ਹੈ। ਰਤਾ ਨੇੜੇ ਢੁਕ, ਅੰਦਰ ਲੰਘ। ਸੱਚ ਆਖ, ਰੋਜ਼ ੨੪ ਘੰਟਿਆਂ ਵਿਚੋਂ ਕਿਤਨੇ ਸਮੇ ਲਈ ਸੋਹਣੇ ਗੁਰੂ ਨਾਨਕ ਪਾਤਸ਼ਾਹ ਕਲਗੀਆਂ ਵਾਲੇ ਦੇ ਨੇੜੇ ਹੋ ਕੇ ਬੈਠਦਾ ਹੈਂ? ਜੇ ਕਈ ਦਿਨ, ਕਈ ਕਈ ਮਹੀਨੇ, ਕਈ ਸਾਲ ਬੀਤ ਜਾਂਦੇ ਹਨ, ਤੇ ਪ੍ਰੀਤਮ ਦੇ ਨਾ ਕਦੇ ਆਤਮਾ ਰੂਪ ਬਾਣੀ ਵਿਚ ਚੁੱਭੀ ਲਾਈ ਹੈ ਅਤੇ ਨਾ ਹੀ ਸਰੀਰਕ ਜਾਮੇ ਵਾਲਾ ਕੋਈ ਕੌਤਕ ਹੀ ਵੇਖਿਆ ਹੈ, ਤਾਂ ਦੱਸ, ਹੇ ਮਨ! ਏਸੇ ਸਾਂਝ ਦੇ ਮਾਣ ਤੇ ਏਸ ਇਮਾਰਤ ਨੂੰ ਪੁਰਾਣੀ ਤੇ ਜਰਜਰੀ ਆਖ ਰਿਹਾ ਹੈਂ?

(੨)

ਹੇ ਚਤਰ ਚਿੱਤ! ਵੇਖ ਤੇਰੇ ਵਾਂਗ ਦੂਰੋਂ ਦੂਰੋਂ ਸੁਣਨ ਤੇ ਤੱਕਣ ਵਾਲਾ ਇਕ ਮਨੁੱਖ ਕਲਗੀਆਂ ਵਾਲੇ ਦੇ ਸਰੀਰ ਤੇ ਸਰੂਪ ਨਾਲ ਵੈਰ ਧਾਰ ਕੇ ਫ਼ੌਜਾਂ ਦੇ ਕਟਕ ਚਾੜ੍ਹੀ ਅਨੰਦਪੁਰ ਨੂੰ ਆ ਰਿਹਾ ਹੈ। ਇਹ ਸਰਦਾਰ ਸੈਦ ਖ਼ਾਂ ਹੈ ਤੇ ਔਰੰਗਜ਼ੇਬ ਦੀਆਂ ਫ਼ੌਜਾਂ ਦਾ ਜਰਨੈਲ ਹੈ। ਪੀਰ ਬੁਧੂ ਸ਼ਾਹ ਜੀ (ਜੋ ਸੋਹਣੇ ਕਲਗੀਆਂ ਵਾਲੇ ਤੋਂ ਵਿਕੇ ਹੋਏ ਹਨ ਤੇ ਆਪਣੇ ਜਿਗਰ ਦੇ ਟੋਟੇ ਜੁਆਨ ਪੁੱਤਰ ਪ੍ਰੀਤਮ ਜੀ ਦੇ ਚਰਨ-ਕਮਲਾਂ ਤੋਂ ਸਦਕੇ ਕਰ ਚੁਕੇ ਹਨ) ਹਾਂ, ਪੀਰ ਜੀ ਦਾ ਇਹ ਸਾਲਾ ਹੈ। ਏਸ ਨੂੰ ਕਈ ਵਾਰੀ ਹੈਰਾਨੀ ਆਉਂਦੀ ਹੈ ਕਿ ਪੀਰ ਜੀ ਉੱਚੀ ਅਵਸਥਾ ਦੇ ਮਾਲਕ ਹੁੰਦੇ ਹੋਏ ਤੇ ਏਤਨੇ ਮੁਰੀਦਾਂ ਦੇ ਹੁੰਦਿਆਂ ਕਿਵੇਂ ਹਿੰਦੂਆਂ ਦੇ ਗੁਰੂ ਤੋਂ ਸਦਕੇ ਹੋਏ ਹੋਏ ਹਨ, ਪਰ ਵਿਚਾਰੇ ਦੀ ਸਮਝ ਵਿਚ ਕੁਝ ਨਹੀਂ ਆਉਂਦਾ। ਪੀਰ ਜੀ ਤੋਂ ਭੀ ਪੁੱਛ ਚੁੱਕਿਆ ਹੈ, ਉਹਨਾਂ ਤੋਂ ਭੀ ਕੇਵਲ ਉਤਰ ਮਿਲਿਆ ਹੈ ਕਿ ਭਾਈ! ਦਰਸ਼ਨ ਕਰੇਂਗਾ ਤਾਂ ਭਰਮ ਦੂਰ ਹੋ ਜਾਏਗਾ।

ਹੁਣ ਇਹ ਜਰਨੈਲ ਸੈਦ ਖ਼ਾਂ ਉਸੇ ਸੋਹਣੇ ਪ੍ਰੀਤਮ ਨੂੰ ਮਾਰ ਮੁਕਾਉਣ ਲਈ ਜਾਂ ਜੀਉਂਦਾ ਫੜਨ

ਲਈ ਜਾ ਰਿਹਾ ਹੈ, ਪਰ ਕਦੇ ਕਦੇ ਪੀਰ ਬੁੱਧੂ ਸ਼ਾਹ ਦੇ ਬਚਨ, ਚੇਤੇ ਆ ਜਾਂਦੇ ਹਨ। ਸ੍ਰੀ ਅਨੰਦਪੁਰ ਸਾਹਿਬ ਦੇ ਚਾਰ ਚੁਫੇਰੇ ਫ਼ੌਜਾਂ ਨੇ ਘੇਰਾ ਘੱਤ ਲਿਆ ਹੈ, ਮੀਲਾਂ ਤਾਈਂ ਪਹਾੜੀ ਰਾਜਿਆਂ ਦੀਆਂ ਤੇ ਔਰੰਗਜ਼ੇਬ ਦੀਆਂ ਫ਼ੌਜਾਂ ਡੇਰੇ ਜਮਾਈ ਬੈਠੀਆਂ ਹਨ। ਸਭ ਦੇ ਮਨ ਵਿਚ ਇਹ ਜੋਸ਼ ਉੱਠ ਰਿਹਾ ਹੈ ਕਿ ਗੁਰੂ ਗੋਬਿੰਦ ਸਿੰਘ ਨੂੰ ਪਕੜ ਲੈਣਾ ਹੈ ਤੇ ਪਾਤਸ਼ਾਹ ਤੋਂ ਬੜੇ ਬੜੇ ਇਨਾਮ ਹਾਸਲ ਕਰਨੇ ਹਨ।

ਅੱਜ ਕਿਲ੍ਹੇ ਤੇ ਚੜ੍ਹਾਈ ਕਰਨ ਲਈ ਸੈਦ ਖ਼ਾਂ ਦੀ ਵਾਰੀ ਹੈ। ਉਸ ਦੇ ਜੁਆਨ ਆਪਣੇ ਸ਼ਸਤਰਾਂ ਨਾਲ ਸਨੱਧ-ਬੱਧ ਤਿਆਰ ਹੋ ਰਹੇ ਹਨ। ਸੈਦ. ਖ਼ਾਂ ਘੋੜੇ ਤੇ ਸੁਆਰ ਹੈ ਤੇ ਆਪਣੇ ਸੂਰਮਿਆਂ ਨੂੰ ਜੰਗੀ ਹਿਦਾਇਤਾਂ ਦੇ ਰਿਹਾ ਹੈ। ਪਰ ਕਦੇ ਕਦੇ ਪੀਰ ਜੀ ਦੇ ਬਚਨ ਚੇਤੇ ਆ ਜਾਂਦੇ ਹਨ, ਤੇ ਅੱਖਾਂ ਅਨੰਦਪੁਰ ਸਾਹਿਬ ਵੱਲ ਜਾ ਟਿਕਦੀਆਂ ਹਨ। ਮਨ ਵਿਚ ਖ਼ਿਆਲ ਉਠ ਰਹੇ ਹਨ—ਮੇਰਾ ਪੀਰ ਅੰਞਾਣਾ ਨਹੀਂ, ਜਿਗਰ ਦੇ ਟੋਟੇ ਦੇ ਕੇ ਸੌਦਾ ਕੀਤਾ ਨੇ; ਕੋਈ ਅਜ਼ਮਤ ਅੱਖੀਂ ਵੇਖੀ ਹੀ ਹੋਵੇਗੀ। ਕਿਆ ਅੱਛਾ ਹੋਵੇ, ਜੇ ਜੰਗ ਅਰੰਭ ਹੋਣ ਤੋਂ ਪਹਿਲਾਂ ਮੈਂ ਭੀ ਗੁਰੂ ਨੂੰ ਵੇਖ ਲਵਾਂ। ਪੀਰ ਜੀ ਆਖਦੇ ਸਨ, ਗੁਰੂ ਅੰਤਰਜਾਮੀ ਹੈ। ਜੇ ਦਿਲਾਂ ਦੀਆਂ ਜਾਣਦਾ ਹੈ ਤਾਂ ਮੇਰੇ ਦਿਲ ਦੀ ਕਿਉਂ ਨਹੀਂ ਬੁੱਝਦਾ ?''

ਫ਼ੌਜ ਤਿਆਰ ਹੋ ਚੁੱਕੀ ਹੈ, ਪਰ ਸੈਦ ਖ਼ਾਂ ਦੇ ਮਨ ਵਿਚ ਅਜੇ ਭੀ ਉਹੀ ਖ਼ਿਆਲ ਆ ਰਹੇ ਹਨ। ਔਹ ਵੇਖੋ ! ਸ਼ਾਹਨ ਸ਼ਾਹ, ਪੀਰਾਨ ਪੀਰ ਗੁਰੂ ਆਪਣੇ ਨੀਲੇ ਤੇ ਅਸਵਾਰ ਹੁੰਦੇ ਹਨ ਤੇ ਇਕੱਲੇ ਹੀ ਕਿਲ੍ਹੇ ਵਿਚੋਂ ਨਿਕਲ ਕੇ, ਵੈਰ ਕਮਾਉਣ ਆਏ ਰੱਬ ਦੇ ਬੰਦਿਆਂ ਵਿਚੋਂ ਦੀ ਲੰਘਦੇ ਲੰਘਦੇ, ਅਨੰਦਪੁਰ ਸਾਹਿਬ ਤੋਂ ਬਾਹਰ ਤਿੰਨ ਚਾਰ ਮੀਲ ਤੇ ਸੈਦ ਖ਼ਾਂ ਦੇ ਸਾਹਮਣੇ ਜਾ ਅੱਪੜਦੇ ਹਨ। ਹੇ ਮੇਰੇ ਚਤਰ ਮਨ ! ਤੱਕ ! ਸੈਦ ਖ਼ਾਂ ਦੇ ਭਾਗ ਜਾਗਣ ਲਗੇ ਹਨ। ਜਿਸ ਸਾਬਤ ਸੂਰਤ ਤੇ ਅੱਜ ਤੈਨੂੰ ਇਤਰਾਜ਼ ਫੁਰ ਰਹੇ ਹਨ, ਉਸੇ ਦਾ ਦੀਦਾਰ ਅੱਜ ਉਸ ਸੈਦ ਖ਼ਾਂ ਨੂੰ ਹੋਣ ਲੱਗਾ ਹੈ, ਜੋ ਫੌਜਾਂ ਲੈ ਕੇ ਗੁਰੂ ਨੂੰ ਪਕੜਨ ਲਈ ਆਇਆ ਹੋਇਆ ਹੈ। ਸਾਹਿਬ ਕਲਗੀਧਰ ਜੀ ਨੇ ਆਪਣਾ ਘੋੜਾ ਸੈਦ ਖ਼ਾਂ ਦੇ ਸਾਹਮਣੇ ਆ ਖੜਾ ਕੀਤਾ ਹੈ। ਸੈਦ ਖ਼ਾਂ ਦੀਆਂ ਅੱਖਾਂ ਭੀ ਉਸੇ ਸੋਹਣੀ ਸੂਰਤ ਵੱਲ ਲੱਗੀਆਂ ਹੋਈਆਂ ਸਨ। ਪ੍ਰੀਤਮ ਜੀ ਦੇ ਅਪੜਨ ਤੱਕ ਏਸ ਨੂੰ ਆਪਣਾ ਆਪ ਭੁੱਲ ਚੁਕਿਆ ਸੀ। ਰੱਬੀ ਨੂਰ ਦੇ ਪੁੰਜ ਗੁਰੂ ਨੂੰ ਤੱਕ ਕੇ ਬੇਵਸ ਇਉਂ ਬੋਲ ਉਠਿਆ :—

ਖ਼ੁਦਾ ਆਇਦ, ਖ਼ੁਦਾ ਆਇਦ, ਕਿ ਮੇ ਆਇਦ ਖ਼ੁਦਾ ਬੰਦਾਹ।
ਹਕੀਕਤ ਦਰ ਮਜਾਜ਼ ਆਇਦ, ਕਿ ਮੁਰਦਹ ਰਾ ਕੁਨਦ ਜ਼ਿੰਦਾਹ।

ਭਾਵ, ਰੱਬ ਆਇਆ ਹੈ ਕਿ ਰੱਬ ਦਾ ਬੰਦਾ ਆਇਆ ਹੈ, ਰੱਬੀ ਨੂਰ ਸਰੀਰਕ ਜਾਮੇ ਵਿਚ ਆ ਗਿਆ ਹੈ, ਜਿਸ ਨੇ ਮੈਨੂੰ ਮੁਰਦੇ ਨੂੰ ਜਿਵਾਲ ਦਿੱਤਾ ਹੈ। [ਪੁਸਤਕ ''ਬੁਰਾਈ ਦਾ ਟਾਕਰਾ'' ਵਿਚੋਂ

---

[ਸਫ਼ਾ ੨੩ ਦੀ ਬਾਕੀ]

ਯਹੀਆ ਖ਼ਾਨ, ਸ਼ਾਹੀ ਕਾਜ਼ੀ, ਸ਼ੈਤਾਨ ਉਸਤਾਦ ਕਾਜ਼ੀ ਤੇ ਹੋਰ ਲੁਕਾਈ ਦੇ ਵੇਖਦਿਆਂ ਵੇਖਦਿਆਂ ਸਿੰਘਾਂ ਦੇ ਸਰੀਰ ਚਰਖੜੀਆਂ ਨੇ ਚੂਰ ਚੂਰ ਕਰ ਸੁਟੇ ਤੇ ਦੋਵੇਂ ਸਿੰਘ ਹੱਸ ਹੱਸ ਸ਼ਹੀਦੀਆਂ ਪਾ ਗਏ।

ਇਸ ਘਟਨਾ ਕਾਰਨ ਲਾਹੌਰ ਦੇ ਸ਼ਹਿਰੀਆਂ ਵਿਚ, ਜਿਹੜੇ ਕਿ ਸ: ਸੁਬੇਗ ਸਿੰਘ ਦਾ ਬਹੁਤ ਸਤਿਕਾਰ ਕਰਦੇ ਸਨ, ਗੁਸੇ ਦੀ ਲਹਿਰ ਦੌੜ ਗਈ। ਉਹਨਾਂ ਵਿਚੋਂ ਕਈਆਂ ਨੇ ਇਹ ਖ਼ਬਰ ਨੇੜੇ ਦੇ ਜੰਗਲਾਂ ਵਿਚ ਵਿਚਰਦੇ ਸਿੰਘਾਂ ਪਾਸ ਜਾ ਪਹੁੰਚਾਈ। ਬੱਸ ਫੇਰ ਕੀ ਸੀ। ਸਿੰਘਾਂ ਨੇ ਇਹਨਾਂ ਦੋ ਸ਼ਹੀਦਾਂ ਤੇ ਹੋਏ ਜ਼ੁਲਮ ਦਾ ਬਦਲਾ ਲੈਣ ਦਾ ਫ਼ੈਸਲਾ ਕਰ ਲਿਆ। ਗੁਸੇ ਨਾਲ ਭੜਕੇ ਹੋਏ ਸਿੰਘਾਂ ਦੇ ਜੱਥੇ ਭੁੱਖੇ ਸ਼ੇਰਾਂ ਵਾਂਗੂ ਜੰਗਲਾਂ ਚੋਂ ਨਿਕਲ ਕੇ ਲਾਹੌਰ ਤੇ ਆਣ ਪਏ। ਹਕੂਮਤ ਦੇ ਅਹਿਲਕਾਰਾਂ, ਜ਼ਾਲਮ ਹਾਕਮਾਂ ਤੇ ਉਹਨਾਂ ਦੇ ਹਮਾਇਤੀਆਂ ਤੇ ਬਾਜ਼ਾਂ ਵਾਂਗੂ ਝਪਟੇ ਤੇ ਕਈਆਂ ਨੂੰ ਤੇਗਾਂ ਦੇ ਸਪੁਰਦ ਕਰਦੇ ਹੋਏ ਸ਼ਹੀਦਾਂ ਦੇ ਖ਼ੂਨ ਦਾ ਬਦਲਾ ਲੈ ਕੇ ਵਾਪਸ ਜੰਗਲੀਂ ਜਾ ਵੜੇ। ਲਾਹੌਰ ਸ਼ਹਿਰ ਵਿਚ ਵਸਦੇ ਨੇਕ ਬੰਦੇ ਕਹਿ ਉਠੇ, ''ਰੱਬ ਦੇ ਘਰ ਵਿਚ ਦੇਰ ਹੈ, ਅੰਧੇਰ ਨਹੀਂ। ਇਹ ਜ਼ੁਲਮੀ ਰਾਜ ਛੇਤੀ ਮੁਕ ਜਾਵੇਗਾ ਤੇ ਉਹ ਦਿਨ ਦੂਰ ਨਹੀਂ, ਜਦੋਂ ਜੰਗਲਾਂ ਵਿਚ ਕਸ਼ਟ ਭਰਿਆ ਜੀਵਨ ਜੀਊਂਦੇ ਗੁਰੂ ਕੇ ਸਿੰਘ ਰਾਜ ਕਰਨਗੇ।''

—ਸਿਖ ਫੁਲਵਾੜੀ, ਜੂਨ ੧੯੮੨

www.AKJ.Org

# ਸਿਮਰਨ

[ ਵਲੋਂ ਸ: ਜਸਵੰਤ ਸਿੰਘ ਜੀ—'ਬਾਊ ਜੀ' ਦੌਦੜੇ ਵਾਲੇ ]

ਸਿਮਰਨ ਦਾ ਅਰਥ ਹੈ, ਸਿਮਰਤੀ ਯਾ ਯਾਦ ਵਿਚ ਲਿਆਉਣਾ, ਅਥਵਾ ਯਾਦ ਕਰਨਾ, ਮੁੜ ਮੁੜ ਯਾਦ ਕਰਨਾ। ਅਸੀਂ ਆਪਣੇ ਕੇਂਦਰ, ਜੀਵਨ ਸੋਮੇ, ਪਰਮੇਸ਼ੂਰ ਤੋਂ 'ਭੁਲ' ਕਾਰਨ ਵਿਛੜੇ ਹੋਏ ਹਾਂ। ਆਪਣੇ ਜੀਵਨ-ਦਾਤੇ ਨੂੰ ਫਿਰ ਮਿਲਣ ਦਾ ਇਕੋ ਇਕ ਸਾਧਨ "ਭੁੱਲ" ਨੂੰ "ਯਾਦ" ਵਿਚ ਬਦਲਣਾ ਹੈ। ਜਨਮਾਂ ਜਨਮਾਂਤਰਾਂ ਤੋ ਲਗਾਤਾਰ ਚਲੀ ਆਉਂਦੀ ਸਾਡੇ ਸੰਸਕਾਰਾਂ ਵਿਚ ਰੱਬੀ 'ਹੋਂਦ' ਦੀ ਭੁਲ ਦ੍ਰਿੜ੍ਹ ਹੋ ਚੁਕੀ ਹੈ। ਇਸ "ਭੁਲ" ਦੇ ਡੂੰਘੇ ਸੰਸਕਾਰਾਂ ਨੂੰ ਰੱਬੀ 'ਹੋਂਦ ਹੈ' ਭਾਵ ਦੇ ਸਿਦਕ (Feith) ਵਿਚ ਬਦਲਣ ਲਈ ਸਾਧਨ ਹੈ 'ਸਿਮਰਨ', 'ਲਗਾਤਾਰ ਸਿਮਰਨ' 'ਲਗਾਤਾਰ ਸਿਮਰਨ'। ਇਸ ਔਖੇ ਸਾਧਨ ਲਈ, ਬੜੇ ਉੱਦਮ ਤੇ ਦ੍ਰਿੜ੍ਹਤਾ ਨਾਲ ਘਾਲਣਾ ਕਰਨ ਦੀ ਲੋੜ ਹੈ। ਤਾਂ ਕਿ ਸਾਡੇ ਡੂੰਘੇ ਭੁਲ ਦੇ ਸੰਸਕਾਰ ਯਾਦ ਵਿਚ ਬਦਲ ਸਕਣ।

ਸਾਡੇ ਸਾਰੇ ਦੁਖਾਂ, ਕਲੇਸ਼ਾਂ ਦਾ ਮੂਲ ਕਾਰਨ ਇਹ 'ਭੁੱਲ' ਹੈ।

—ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥੯॥ (੧੩੫)

—ਦੁਖੁ ਤਦੇ ਜਾ ਵਿਸਰਿ ਜਾਵੈ ॥੧॥੧੫॥ (੯੮)

—ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ ॥੧॥੧੫੮॥ (੧੯੭)

ਇਸ ਦੇ ਉਲਟ ਸਿਮਰਨ, 'ਯਾਦ' ਨਾਲ ਸਭ ਸੁਖ ਪ੍ਰਾਪਤ ਹੁੰਦੇ ਹਨ। ਜਿਸ ਤਰ੍ਹਾਂ ਗੁਰਬਾਣੀ ਵਿਚ ਅੰਕਤ ਹੈ—

—ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥੧॥ਸੁਖਮਨੀ—੨੬੨

—ਮਹਾ ਕਸਟ ਕਾਟੈ ਖਿਨ ਭੀਤਰਿ, ਰਸਨਾ ਨਾਮੁ ਚਿਤਾਰੇ ॥੧॥੧੩੮॥ (੨੧੦)

—ਹਰਿਜਨ ਸਿਮਰਹੁ ਹਿਰਦੈ ਰਾਮ ॥
ਹਰਿਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ ॥ਰਹਾਉ॥੧੩॥ (੭੦੨)

—ਪ੍ਰਭੁ ਚਿਤਿ ਆਵੈ ਤਾਂ ਕੈਸੀ ਭੀੜ ॥ ਹਰਿ ਸੇਵਕ ਨਾਹੀ ਜਮ ਪੀੜ ॥੨॥੩॥ (੮੦੨)

—ਹਰਿ ਸਿਮਰਤ ਤੇਰੀ ਜਾਇ ਬਲਾਇ ॥ ਸਰਬ ਕਲਿਆਣ ਵਸੈ ਮਨਿ ਆਇ ॥੧॥੧੩੭॥ (੧੯੩)

—ਘਰ ਮੰਦਰ ਖੁਸੀਆ ਤਹੀ, ਜਹ ਤੂ ਆਵਹਿ ਚਿਤਿ ॥੨॥੬॥ (੩੧੯)

ਉਤਲੀਆਂ ਤੁਕਾਂ ਤੋਂ ਸਿਧ ਹੁੰਦਾ ਹੈ ਕਿ ਪਰਮੇਸ਼ੂਰ ਦੇ ਵਿਸਰਨ, "ਭੁਲ" ਨਾਲ ਸਾਰੇ ਦੁਖ, ਕਲੇਸ਼, ਅਪਦਾ, ਰੋਗ, ਭਰਮ, ਈਰਖਾ, ਦਵੈਖ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਅਸ਼ਾਂਤੀ ਆਦਿ ਉਪਜਦੀ ਹੈ। ਜਿਸ ਤਰ੍ਹਾਂ ਹਨੇਰੇ ਵਿਚ ਹੀ ਠੋਕਰਾਂ, ਭਰਮ, ਦੁਖ ਹੁੰਦਾ ਹੈ, ਤੇ ਚਾਨਣਾ ਹੋਣ ਨਾਲ ਸਭ ਭਰਮ ਮਿਟ ਜਾਂਦੇ ਹਨ, ਤੇ ਹਰ ਤਰ੍ਹਾਂ ਦੇ ਸੁਖ, ਲਿੱਘ, ਸ਼ਾਂਤੀ ਆਪੇ ਸਹਿਜ ਸੁਭਾ ਪ੍ਰਾਪਤ ਹੋ ਜਾਂਦੇ ਹਨ। ਇਸੇ ਤਰ੍ਹਾਂ ਜਦ ਅਸੀਂ ਪਰਮੇਸ਼ੂਰ ਦੀ 'ਯਾਦ' ਸਿਮਰਨ 'ਹਜ਼ੂਰੀ' ਦੀ ਰੋਸ਼ਨੀ ਵਿਚ ਹੁੰਦੇ ਹਾਂ, ਤਾਂ ਸੁਖ ਸ਼ਾਂਤੀ, ਪ੍ਰੇਮ, ਆਨੰਦ, ਗਿਆਨ, ਸ਼ਕਤੀ ਆਦਿ ਸਾਰੇ ਹੀ ਰੱਬੀ ਗੁਣ ਸਾਡੇ ਅੰਦਰ ਸਹਿਜ ਹੀ ਪ੍ਰਵੇਸ਼ ਹੋ ਜਾਂਦੇ ਹਨ। ਜੇ ਅਸੀਂ ਦੁਖਾਂ, ਕਲੇਸ਼ਾਂ, ਰੋਗਾਂ ਤੋਂ ਬਚਣਾ ਚਾਹੁੰਦੇ ਹਾਂ ਤੇ ਸਦਾ ਸੁਖੀ ਹੋਣਾ ਚਾਹੁੰਦੇ ਹਾਂ, ਤਾਂ ਸਾਨੂੰ 'ਭੁੱਲ' ਵਿਚੋਂ ਨਿਕਲ ਕੇ, 'ਯਾਦ' ਵਿਚ ਆਉਣਾ ਪਏਗਾ ਤੇ ਇਸ ਲਈ ਲਗਾਤਾਰ ਸਿਮਰਨ ਕਰਨ ਦੀ ਲੋੜ ਹੈ।

## *ਸਿਮਰਨ ਦੇ ਕਈ ਦਰਜੇ (**Stages**) ਹਨ—*

੧. ਸਭ ਤੋਂ ਪਹਿਲਾਂ ਰਸਨਾ ਨਾਲ ਨਾਮੁ ਜਪਣਾ ਹੈ। ਇਸ ਲਈ ਉੱਦਮ ਤੇ ਸਾਧ ਸੰਗਤ ਅਤੇ ਗੁਰਬਾਣੀ



www.AKJ.Org

ਦੀ ਬੜੀ ਲੋੜ ਹੈ। ਮਨ ਬਹੁਤ ਚੰਚਲ ਹੋਣ ਕਰਕੇ ਸਾਡੇ ਆਪਣੇ ਆਪ ਕੋਲੋਂ ਸਿਮਰਨ ਹੋਣਾ ਬਹੁਤ ਮੁਸ਼ਕਲ ਹੈ, ਕਿਉਂਕਿ ਸਾਡਾ ਧਿਆਨ ਨਹੀਂ ਟਿਕਦਾ, ਖਿਸਕ-ਖਿਸਕ ਜਾਂਦਾ ਹੈ, ਤੇ "ਜਾਪੁ" ਟੁੱਟ-ਟੁੱਟ ਜਾਂਦਾ ਹੈ। ਅਕਸਰ ਜਗਿਆਸੂਆਂ ਦੀ ਇਹੀ ਵਡੀ ਔਕੜ ਤੇ ਸ਼ਕਾਇਤ ਹੁੰਦੀ ਹੈ। ਪਰ ਸਾਧ ਸੰਗਤ ਤੇ ਗੁਰਬਾਣੀ ਦੀ ਸਹਾਇਤਾ ਨਾਲ ਇਹ ਮਨ ਸਹਿਜੇ ਹੀ ਕਾਬੂ ਆ ਜਾਂਦਾ ਹੈ, ਤੇ ਸਿਮਰਨ ਕਰਨ ਵਿਚ ਸੌਖ ਹੋ ਜਾਂਦੀ ਹੈ। ਭਾਵੇਂ ਪਹਿਲੇ ਪਹਿਲ 'ਜਾਪ' ਦੀ ਅਵਸਥਾ ਵਿਚ ਸਿਮਰਨ ਫੋਕਾ ਪ੍ਰਤੀਤ ਹੋਵੇ, ਤੇ ਸਿਲ ਅਲੂਣੀ ਹੀ ਚਟਣੀ ਪਵੇ, ਪਰ ਫਿਰ ਵੀ ਲਗੇ ਰਹਿਣ ਦੀ ਲੋੜ ਹੈ। ਸਹਿਜੇ ਸਹਿਜੇ ਸਾਧ ਸੰਗਤ ਦੀ ਸਹਾਇਤਾ ਤੇ ਗੁਰੂ ਦੀ ਕਿਰਪਾ ਨਾਲ ਦੂਜੀ ਅਵਸਥਾ ਪ੍ਰਾਪਤ ਹੁੰਦੀ ਹੈ।

੨. ਦੂਜੀ ਅਵਸਥਾ ਵਿਚ ਧਿਆਨ ਸਿਮਰਨ ਵਿਚ ਟਿਕਣ ਲਗ ਜਾਂਦਾ ਹੈ ਸਹਿਜ ਸੁਭਾਏ, ਆਪੇ (Automatic) ਸਿਮਰਨ ਹੋਣ ਲਗ ਜਾਂਦਾ ਹੈ ਤੇ ਕੋਈ ਅਕਹਿ ਸ਼ਾਂਤੀ, ਸੁਖ, ਪਿਆਰ ਰਸ ਆਦਿ ਪ੍ਰਤੀਤ ਹੋਣ ਲਗ ਜਾਂਦਾ ਹੈ। "ਉਪਜੀ ਪ੍ਰੀਤਿ ਪ੍ਰੇਮ ਰਸ ਚਾਉ" ਵਾਲੀ ਹਾਲਤ ਵਰਤਦੀ ਹੈ, ਤੇ ਸਿਮਰਨ ਕਰਨਾ ਚੰਗਾ ਪਿਆਰ ਵਾਲਾ ਰਸਦਾਇਕ ਹੋ ਜਾਂਦਾ ਹੈ। ਇਸ ਅਵਸਥਾ ਵਿਚ ਸਿਮਰਨ ਬਗੈਰ ਮਨ ਉਚਾਟ, ਬਿਹਬਲ, ਸਖਣਾ ਪ੍ਰਤੀਤ ਕਰਦਾ ਹੈ। "ਆਖਾ ਜੀਵਾ ਵਿਸਰੈ ਮਰਿ ਜਾਉ" ਵਾਲੀ ਹਾਲਤ ਹੋ ਜਾਂਦੀ ਹੈ।

੩. ਇਸ ਤੋਂ ਅਗੇ "ਸ਼ਬਦ ਸੁਰਤਿ ਲਿਵਲੀਨ" ਦੀ ਅਵਸਥਾ ਸਤਿਗੁਰ ਦੀ ਅਪਾਰ ਬਖਸ਼ਿਸ਼ (Grace) ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਜਿਸ ਵਿਚ "ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ" (੭੪੩) ਅਨੁਸਾਰ ਜਗਿਆਸੂ ਦਾ ਜੀਵਨ 'ਸਿਮਰਨ ਰੂਪ' ਹੋ ਕੇ "ਤੋਰੀ ਨ ਤੂਟੈ ਛੋਰੀ ਨ ਛੂਟੈ, ਐਸੀ ਮਾਧੋ ਖਿੰਚ ਤਨੀ" (੮੨੭) ਵਾਲੀ ਆਤਮਕ ਖੇਡ ਵਰਤਦੀ ਹੈ, ਤੇ ਜ਼ੀਵਨ ਸਫਲ ਹੋ ਕੇ ਇਲਾਹੀ ਪੂਰਨਤਾ ਨੂੰ ਛੋਂਹਦਾ ਹੈ।

ਇਸ ਜਗ੍ਹਾ ਪ੍ਰੋ: ਪੂਰਨ ਸਿੰਘ ਜੀ ਲਿਖਦੇ ਹਨ :—As the feet of men fall and beat a patti so my lips repeating His Name cut a direction for my soul. To the Beloved, sweet is the repetition of 'Nam'

ਜਿਸ ਤਰ੍ਹਾਂ ਆਦਮੀ ਦੇ ਲਗਾਤਾਰ ਕਦਮਾਂ ਨਾਲਜ਼ ਮੀਨ ਤੇ 'ਡੰਡੀ' ਉਲੀਕੀਦੀ ਹੈ ਏਸੇ ਤਰ੍ਹਾਂ ਮੇਰੇ ਬੁਲ੍ਹ ਤੇ ਰਸਨਾ 'ਨਾਮ' ਦਾ ਰਟਨ ਕਰਦੇ ਹੋਏ ਮੇਰੀ ਰੂਹ ਨੂੰ ਅਗਵਾਈ ਤੇ 'ਸੇਧ' ਦਿੰਦੇ ਹਨ। ਇਸ ਤਰ੍ਹਾਂ ਗੁਰਮੁਖ ਪਿਆਰਿਆਂ ਲਈ 'ਨਾਮ' ਦਾ ਰਟਨ ਮਿੱਠਾ ਤੇ ਰਸਦਾਇਕ ਬਣ ਜਾਂਦਾ ਹੈ।"

## *ਗੁਰ-ਮੰਤਰ :–*

ਸਿਮਰਨ ਕਰਨ ਬ ਬਤ ਸੰਗਤਾਂ ਵਿਚ ਕਈ ਭੁਲੇਖੇ ਪ੍ਰਚਲਤ ਹਨ :

1. ਪਹਿਲਾ ਸੁਆਲ ਇਹ ਕੀਤਾ ਜਾਂਦਾ ਹੈ ਕਿ ਸਿਮਰਨ ਕਰਨ ਲਈ ਕਿਹੜੇ ਸ਼ਬਦ ਜਾਂ ਮੰਤਰ ਦਾ ਜਾਪ ਕੀਤਾ ਜਾਵੇ ?

ਉਂਜ ਤਾਂ ਲੋਕਾਂ ਨੇ ਰੱਬ ਦੇ ਅਨੇਕ ਨਾਮ, ਆਪੋ ਆਪਣੀ ਬੋਲੀ ਵਿਚ ਰਖੇ ਹੋਏ ਹਨ, ਪਰ ਗੁਰਬਾਣੀ ਵਿਚ ਹਰੀ, ਰਾਮ, ਰੱਬ, ਪਰਮੇਸ਼ੁਰ, ਸੁਆਮੀ, ਅੱਲਾ, ਠਾਕੁਰ, ਬੀਠਲ, ਪ੍ਰੀਤਮ ਆਦਿ ਅਨੇਕ ਨਾਵਾਂ ਦਾ ਜ਼ਿਕਰ ਹੈ। ਸਾਰੇ ਹੀ ਨਾਮ, ਕ੍ਰਿਤਮ ਨਾਮ ਸਤਿਕਾਰ ਯੋਗ ਹਨ ਤੇ ਪ੍ਰੀਤਮ ਦੇ ਲਖਾਇਕ ਹਨ। ਪਰ ਜਪਣ ਲਈ ਸਿਰਫ ਗੁਰ-ਮੰਤਰ ਹੀ ਪ੍ਰਵਾਨ ਹੈ, ਉਹ ਮੰਤਰ ਜੋ ਗੁਰੂ ਨੇ ਬਖਸ਼ਿਆ ਹੋਵੇ। ਗੁਰ-ਮੰਤਰ ਜਾਂ ਸ਼ਬਦ ਜੋ ਗੁਰੂ ਕੋਲੋਂ ਮਿਲਣ ਕਾਰਨ ਇਸ ਦੇ ਪਿਛੇ ਗੁਰੂ ਦੀ ਮਿਹਰ (Grace) ਤੇ ਆਤਮਕ ਸ਼ਕਤੀ (Divine Power) ਛੁਪੀ ਹੋਈ ਹੈ। ਤੇ ਗੁਰੂ ਖੁਦ ਅਣਡਿੱਠੇ ਤਰੀਕੇ ਨਾਲ ਸਹਾਇਤਾ, ਅਗਵਾਈ ਤੇ ਬਖਸ਼ਿਸ਼ ਕਰਦਾ ਹੈ ਤੇ ਸਫਲਤਾ ਪ੍ਰਦਾਨ ਕਰਦਾ ਹੈ। ਇਹ ਸਿਰਫ "ਅੱਖਰ" (ਗੁਰ-ਮੰਤਰ) ਹੀ ਨਹੀਂ ਹੁੰਦਾ, ਬਲਕਿ ਇਸ ਦੀ ਅੰਤਰੀਵ ਤਹਿ ਵਿਚ ਗੁਰੂ ਦੀ ਸ਼ਕਤੀ ਤੇ ਬਖਸ਼ਿਸ਼ਕੰਮ ਕਰਦੀ ਹੈ। ਕਬੀਰ ਨੇ ਵੀ ਕਿਹਾ ਹੈ "ਕਹੁ ਕਬੀਰ



www.AKJ.Org

ਅਖਰ ਦੁਇ ਭਾਖਿ ।। ਹੋਇਗਾ ਖਸਮੁ ਤ ਲੇਇਗਾ ਰਾਖਿ'' (੩੨੯) ਉਸ ਨੂੰ ਦੋ ਅੱਖਰਾਂ ਵਾਲਾ ''ਰਾਮ'' ਮੰਤਰ ਉਸ ਦੇ ਗੁਰੂ ਰਾਮਾਨੰਦ ਨੇ ਦਿਤਾ ਸੀ, ਇਸ ਮੰਤਰ ਦਾ ਖਸਮ ਯਾਨੀ ਗੁਰੂ, ਆਪਣੇ ਮੰਤਰ ਦੀ ਆਪੇ ਲਾਜ ਰਖੇਗਾ, ਤੂੰ ਇਸ ਦਾ ਰਟਨ ਕਰੀ ਜਾ । ਸਾਨੂੰ ਸਾਡੇ ਸਤਿਗੁਰੂ ਨੇ ਚਾਰ ਅੱਖਰਾਂ ਵਾਲਾ ਗੁਰ-ਮੰਤਰ ''ਵਾਹਿਗੁਰੂ'' ਬਖਸ਼ਿਆ ਹੈ । ਸਾਡਾ ਫਰਜ਼ ਹੈ, ਅਸੀਂ ਗੁਰ-ਮੰਤਰ 'ਵਾਹਿਗੁਰੂ' ਦਾ ਰਟਨ ਕਰੀ ਚਲੀਏ, ਸਤਿਗੁਰ ਆਪੇ ਸਹਾਈ, ਅਗਵਾਈ ਕਰਨਗੇ ਤੇ ਸਫਲਤਾ ਬਖਸ਼ਣਗੇ । ਗੁਰ-ਮੰਤਰ ਜਾਂ 'ਸ਼ਬਦ' ਵਿਚ ਗੁਰੂ ਆਪ ਗੁਪਤ ਰੂਪ ਵਿਚ ਰਵਿਆ ਹੋਇਆ ਹੈ । ''ਸਬਦ ਮਹਿ ਸਤਿਗੁਰੁ ਸਤਿਗੁਰ ਮਹਿ ਸਬਦੁ ਹੈ'' । ਇਸ ਲਈ ਗੁਰ-ਮੰਤਰ, ਗੁਰੂ ਦੇ ਪ੍ਰਕਾਸ਼-ਰੂਪ ਦੀ 'ਹੋਂਦ' ਦਾ ਪ੍ਰਤੀਕ ਹੈ । ਉਦਾਹਰਣ ਵਜੋਂ ਮਾਂ ਦੇ ਬੱਚੇ ਮੋਹਨ ਦੀ ਸਾਰੀ 'ਹੋਂਦ' ਯਾ 'ਹਸਤੀ' [ਸਣੇ ਉਸ ਦੇ ਗੁਣ ਔਗੁਣਾਂ ਦੇ] ਅੱਖਰ 'ਮੋਹਨ' ਵਿਚ ਸਮਾਈ ਹੋਈ ਹੈ । ਪਰ ਮੋਹਨ ਦੀ ਹਸਤੀ ਉਸਦੇ ਨਾਮ 'ਮੋਹਨ' ਤੇ ਨਿਰਭਰ ਨਹੀਂ ਹੈ, ਸਗੋਂ 'ਮੋਹਨ' ਅੱਖਰ ਤੋਂ ਬਗੈਰ ਵੀ ਉਸਦੀ ਅੱਡਰੀ 'ਹੋਂਦ' ਕਾਇਮ ਹੈ । ਪਰ ਫਿਰ ਵੀ 'ਮੋਹਨ' ਅਖਰ ਉਸਦੀ ਸਮੁਚੀ 'ਹੋਂਦ' ਦਾ ਪ੍ਰਤੀਕ ਹੈ । ਇਸ ਲਈ ਸਿਰਫ਼ ਕਿਸੇ ਅੱਖਰਾਂ ਵਾਲਾ ਮਨੋ-ਕਲਪਿਤ ਮੰਤਰ, ਸੁਣਿਆ, ਪੜ੍ਹਿਆ, ਦਸਿਆ ਹੋਇਆ ਮੰਤਰ 'ਮੰਤਰ' ਤਾਂ ਹੋ ਸਕਦਾ ਹੈ, ਪਰ 'ਗੁਰੂ-ਮੰਤਰ' ਨਹੀਂ ਅਖਵਾ ਸਕਦਾ । ਐਸੇ ਮਨੋ-ਕਲਪਿਤ ਮੰਤਰ ਦੇ ਪਿਛੇ 'ਗੁਰੂ' ਦੀ ਅਗਵਾਈ, ਮਿਹਰ, ਅਸੀਸਾਂ ਤੇ ਸ਼ਕਤੀ ਕੰਮ ਨਹੀਂ ਕਰਦੀ । ਇਸ ਲਈ ਐਸੇ ਆਪਣੇ ਮਨੋ-ਕਲਪਿਤ ਯਾ ਕਿਸੇ ਦਸੇ ਦਸਾਏ ਮੰਤਰ ਦਾ ਰਟਨ ਗੁਰੂ ਦੀ ਸ਼ਕਤੀ ਤੋਂ 'ਵਾਂਜਾ' ਰਹਿੰਦਾ ਹੈ, ਤੇ ਸਫਲ ਨਹੀਂ ਹੋ ਸਕਦਾ । 'ਗੁਰ-ਮੰਤਰ' ਤਾਂ ਉਹੀ ਹੈ ਜੋ 'ਗੁਰੂ' [ਪੰਜਾਂ ਪਿਆਰਿਆਂ ਦੁਆਰਾ] ਆਪ ਆਪਣੀ ਮੇਹਰ ਨਾਲ ਬਖਸ਼ੇ । ਉਸੇ ਗੁਰ-ਮੰਤਰ ਦੇ ਰਟਨ, ਜਪਣ, ਅਭਿਆਸ ਕਮਾਈ ਨਾਲ ਕਲਿਆਨ ਹੋ ਸਕਦੀ ਹੈ ।

ਜਿਸ ਤਰ੍ਹਾਂ ਮਾਂ ਆਪਣੇ ਬੱਚੇ ਨੂੰ ਪਿਆਰ ਨਾਲ ਯਾਦ ਕਰ ਕੇ ''ਮੋਹਨ'' ਕਹਿੰਦੀ ਹੈ ਤਾਂ ਉਸ ਦੇ ਪਿਆਰ ਤੇ ਸ਼ੁਭ ਇਛਾਵਾਂ (Blessings) ਦੇ ਵਲਵਲਿਆਂ ਦੇ ਤਰੰਗ (viberations) ਮੋਹਨ ਦੇ ਹਿਰਦੇ ਦੇ ਕਿੰਗਰਿਆਂ ਨੂੰ ਦੂਰ ਦੁਰਾਡੇ ਜਾ ਟੁੰਬਦੀਆਂ ਹਨ, ਤੇ ਉਸ ਨੂੰ ਮਾਂ ਦਾ ਪਿਆਰ ਤੇ ਅਸੀਸਾਂ ਪਹੁੰਚ ਜਾਂਦੀਆਂ ਹਨ । ਉਹ ਵੀ ਉਨ੍ਹਾਂ ਵਲਵਲਿਆਂ ਦਾ ਜੁਆਬ ਉਹੋ ਜਿਹੇ ਤਰੰਗਾਂ (viberations) ਦੁਆਰਾ ਮਾਂ ਨੂੰ ਵਾਪਸ ਭੇਜਦਾ ਹੈ । ਇਸ ਤਰ੍ਹਾਂ ਦੋਹਾਂ ਧਿਰਾਂ ਵਿਚ ''ਪਿਆਰ ਤੇ ਅਸੀਸਾਂ'' ਦੇ ਸੌਦੇ ਹੁੰਦੇ ਹਨ । ਇਹ ਵਲਵਲੇ (Feelings) ਜਿਤਨੇ ਤੀਖਣ (Intense) ਹੋਣਗੇ ਉਤਨਾ ਹੀ ਡੂੰਘਾ ਅਸਰ ਦੂਸਰੇ ਪਾਸੇ ਹੁੰਦਾ ਹੈ, ਤੇ ਉਤਨੀ ਹੀ ਤੀਖਣਤਾ (Intensity) ਵਿਚ ਜੁਆਬ ਮਿਲਦਾ ਹੈ । ਜਿਸ ਤਰ੍ਹਾਂ ਕਿ ਜਦੋਂ ਬੇਬੇ ਨਾਨਕੀ ਨੇ ਗੁਰੂ ਨਾਨਕ ਨੂੰ ਬੜੀ ਤੀਖਣਤਾ ਨਾਲ ਪਿਆਰ ਵਿਚ ਆ ਕੇ ਯਾਦ ਕੀਤਾ ਤਾਂ ਗੁਰੂ ਸਾਹਿਬ ਮੌਕੇ ਤੇ ਆ ਹਾਜ਼ਰ ਹੋਏ । ਇਸੇ ਤਰ੍ਹਾਂ ਜਦ ਅਸੀਂ ਪਿਆਰ ਤੇ ਸ਼ਰਧਾ ਨਾਲ 'ਵਾਹਿਗੁਰੂ' ਜਪਦੇ ਹਾਂ ਤੇ ਗੁਰੂ ਦੇ ਹਿਰਦੇ ਦੀਆਂ ਕਿੰਗਰੀਆਂ ਨੂੰ ਟੁੰਬਦੇ ਹਾਂ, ਤੇ ਗੁਰੂ ਵੀ ਉਸ ਪਿਆਰ ਦਾ ਜੁਆਬ ਉਸੇ (wave lengh) ਤੇ (Intensity) ਵਿਚ ਪ੍ਰੇਮ ਵਿਚ ਆ ਕੇ ਮਿਹਰਾਂ ਤੇ ਬਖਸ਼ਿਸ਼ਾਂ (Blessings) ਸਾਨੂੰ ਭੇਜਦਾ ਹੈ । ਇਸ ਲਈ 'ਗੁਰ-ਮੰਤਰ' ਦੇ ਜਾਪ ਨਾਲ ਸਾਨੂੰ ਗੁਰੂ ਕੋਲੋਂ ਸਿਰਫ ਪਿਆਰ ਤੇ ਅਸੀਸਾਂ ਹੀ ਨਹੀਂ ਮਿਲਦੀਆਂ, ਬਲਕਿ ਸਾਡੇ ਹਿਰਦੇ ਵਿਚ, ਗੁਰੂ ਦੇ ਇਸ ਪਿਆਰ ਤੇ ਅਸੀਸਾਂ ਸਦਕਾ, ਗੁਰੂ ਦੇ ਸਾਰੇ ਗੁਣ, ਦਇਆ, ਖਿਮਾ, ਪ੍ਰੇਮ, ਖੁਸ਼ੀ, ਰਸ, ਚਾਉ ਆਦਿ ਸਹਿਜ ਸੁਭਾ ਪ੍ਰਵੇਸ਼ ਹੁੰਦੇ ਜਾਂਦੇ ਹਨ । ਫੇਰ ਵਾਹਿਗੁਰੂ ਗੁਰੂ-ਮੰਤਰ ਪਿਆਰਾ ਤੇ ਰਸਦਾਇਕ ਲਗਦਾ ਹੈ । ਸਾਡੇ ਤਨ, ਮਨ, ਰੋਮ-ਰੋਮ, ਅੰਤਸ਼ਕਰਨ ਵਿਚ ਗੁਰਮੰਤਰ ਡੂੰਘਾ, ਧੱਸ, ਰੱਸ, ਵੱਸ ਜਾਂਦਾ ਹੈ ਤੇ ਗੁਰ-ਮੰਤਰ ਰੂਪ ਹੀ ਹੋ ਜਾਈਦਾ ਹੈ । ''ਕਬੀਰ ਤੂੰ ਤੂੰ ਕਰਤਾ ਤੂ ਭਇਆ, ਮੁਝ ਮਹਿ ਰਹਾ ਨ ਹੂੰ ।।'' (੧੩੭੫) ਵਾਲੀ ਆਤਮਕ ਖੇਲ ਵਰਤ ਜਾਂਦੀ ਹੈ । ਗੁਰ-ਮੰਤਰ ਦੇ ਅਟੁੱਟ ਅਭਿਆਸ ਨਾਲ ਗੋਬਿੰਦ ਦਾ ਪ੍ਰਕਾਸ਼ ਜਹੂਰ ਹੁੰਦਾ ਹੈ ''ਗੁਰ-ਸਬਦੀ ਗੋਬਿਦੁ ਗਜਿਆ ।।'' (੧੩੧੫)



www.AKJ.Org

ਇਕ ਹੋਰ ਭੁਲੇਖਾ ਪ੍ਰਚਲਤ ਹੈ ਕਿ ਸ਼ਬਦ ਜਾਂ ਮੰਤਰ ਨਾਲ ਅੱਗੇ ਪਿੱਛੇ ਕੋਈ ਵਿਸ਼ੇਸਣ(Proncun) ਲਗਾਏ ਜਾਂਦੇ ਹਨ, ਜਿਵੇਂ 'ਸ੍ਰੀ-ਵਾਹਿਗੁਰੂ' 'ਸਤਿਨਾਮ-ਵਾਹਿਗੁਰੂ' '੧ਓ ਵਾਹਿਗੁਰੂ' ਆਦਿ ਕਈ ਬਹੁ-ਅੱਖਰਾਂ, ਲਫਜ਼ਾਂ ਵਾਲੇ ਮੰਤਰ ਦਾ ਅਭਿਆਸ ਕਰਦੇ ਹਨ, ਜਿਸ ਤਰ੍ਹਾਂ ਰਾਧਾ-ਕ੍ਰਿਸ਼ਨ, ਸੀਤਾ-ਰਾਮ, ਓਮ-ਸ਼ਿਵਾ' ਜੈ-ਗੋਬਿੰਦ, ਜੈ-ਗੁਪਾਲ, ਹਰੇ-ਕ੍ਰਿਸ਼ਨ ਆਦਿ, ਬਲਕਿ ਕੁਝ ਮਤਾਂ ਵਿਚ ਪੰਚ ਸ਼ਬਦਾਂ ਵਾਲਾ ਮੰਤਰ ਪ੍ਰਚਲਤ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਹ 'ਗੁਰ ਮੰਤਰ' ਅੱਖਰ ਹੀ ਨਹੀਂ ਹੁੰਦਾ, ਜਿਵੇਂ ਕਿ ਪਿਛੇ ਦੱਸਿਆ ਜਾ ਚੁੱਕਿਆ ਹੈ ਕਿ ਇਸ ਦੇ ਪਿਛੇ ਸੂਖਮ ਰੂਪ ਵਿਚ ਗੁਰੂ ਦੀ ਆਪਣੀ 'ਹੋਂਦ' 'ਆਪਾ' 'ਰੂਹ' 'ਜੋਤ' ਛੁਪੀ ਹੁੰਦੀ ਹੈ। ਸ਼ਰਧਾ ਭਾਵਨੀ, ਪਿਆਰ ਨਾਲ ਗੁਰ-ਮੰਤਰ ਦਾ ਅਟੁੱਟ ਅਭਿਆਸ ਕਰਦਿਆਂ ਕਰਦਿਆਂ ਸਹਿਜੇ ਹੀ ਇਸ ਗੁਰ-ਮੰਤਰ 'ਵਾਹਿਗੁਰੂ' ਦੇ ਅੱਖਰ ਘੁਲਦੇ ਘੁਲਦੇ, ਖਿਰਦੇ ਖਿਰਦੇ, ਸੂਖਮ ਰੂਪ ਵਿਚ ਬਦਲ ਕੇ, "ਪ੍ਰਕਾਸ਼ ਰੂਪ" "ਤੱਤ ਰੂਪ" "ਰੱਸ ਰੂਪ" ਪ੍ਰੇਮ ਰੂਪ' 'ਜੀਵਨ'-ਰੌ ਹੋ ਕੇ ਇਲਾਹੀ ਤਰੰਗਾਂ(viberations) 'ਰੁਣਝੁਣ' 'ਅਨਹਦ ਝਣਕਾਰ' 'ਇਲਾਹੀ ਨਾਦ' (Divine Music) ਵਿਚ ਬਦਲ ਜਾਂਦਾ ਹੈ। ਕਬੀਰ ਜੀ ਨੇ ਠੀਕ ਕਿਹਾ ਹੈ "ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ" (੩੪੦) ਤੇ "ਗੁਰ ਸਬਦੀ ਗੋਬਿਦੁ ਗਜਿਆ" (੧੩੧੫) ਹੋ ਜਾਂਦਾ ਹੈ।

ਅਭਿਆਸ ਕਰਨ ਲਈ ਇਕ-ਅਖਰੀ ਮੰਤਰ, ਜਾਂ ਇਕੋ ਲਫਜ਼ ਵਾਲਾ ਮੰਤਰ ਸੌਖਾ ਜਪਿਆ ਜਾਂਦਾ ਹੈ, ਤੇ ਇਕ-ਅਖਰੀ ਮੰਤਰ ਇਕਾਗਰਤਾ ਵਿਚ ਸਹਾਈ ਹੁੰਦਾ ਹੈ। ਇਕੋ ਲਫਜ਼ ਜਾਂ ਮੰਤਰ ਹੀ 'ਘੁਲ' 'ਖਿਰ' ਕੇ ਸੂਖਮ ਰੂਪ ਧਾਰ ਸਕਦਾ ਹੈ। ਬਹੁਤੇ ਲਫਜ਼ਾਂ ਵਾਲੇ ਮੰਤਰ ਦਾ ਖਿਰਨਾ ਯਾ ਘੁਲਣਾ ਅਸੰਭਵ ਹੈ। ਕਿਉਂਕਿ ਰੱਬ ਇਕ ਹੈ, ਉਸਦੀ ਸੂਖਮ 'ਹਸਤੀ' ਵੀ ਇਕ ਹੈ, ਉਸਦੀ 'ਧੁਨੀ' ਵੀ ਇਕ ਹੈ, ਉਸਦੀ 'ਜੋਤ' ਵੀ ਇਕ ਹੈ, ਤੇ ਉਸਦਾ 'ਪ੍ਰਕਾਸ਼ ਰੂਪ' ਵੀ ਇਕੋ ਹੈ, ਸੋ ਉਸਦਾ ਮੰਤਰ ਵੀ ਇਕੋ ਅੱਖਰ ਵਾਲਾ ਹੋ ਸਕਦਾ ਹੈ, ਤੇ ਉਸੇ ਇਕ-ਅਖਰੀ ਗੁਰ-ਮੰਤਰ ਦਾ ਅਭਿਆਸ ਹੀ ਸਹਿਜੇ ਹੀ ਸਫਲ ਹੋ ਸਕਦਾ ਹੈ। ਗੁਰਬਾਣੀ ਵਿਚ ਇਸ ਗੱਲ ਦੀ ਇਉਂ ਪ੍ਰੋੜ੍ਹਤਾ ਕੀਤੀ ਗਈ ਹੈ–

–ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥੫੦॥ (੭੪੭)
–ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥੧॥੫੪॥ (੨੬੧)
–ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥੩॥ (੨੧੬)
–ਬੇਦ ਪੁਰਾਨ ਸਿੰਮ੍ਰਿਤਿ ਸੁਧਾਖੵਰ॥ ਕੀਨੇ ਰਾਮਨਾਮ ਇਕ ਆਖੵਰ॥ ਸੁਖਮਨੀ ਸਾਹਿਬ(੨੬੨)
–ਜਹ ਬੋਲ ਤਹ ਅਛਰ ਆਵਾ ॥ ਜਹ ਅਬੋਲ ਤਹ ਮਨੁ ਨਹ ਰਹਾਵਾ ॥
ਬੋਲ ਅਬੋਲ ਮਧਿ ਹੈ ਸੋਈ ॥ ਜਸ ਓਹੁ ਹੈ ਤਸ ਲਖੈ ਨ ਕੋਈ ॥੨॥ (੩੪੦)
–ਏਕੁ ਸੁਧਾਖਰ ਜਾ ਕੈ ਹਿਰਦੈ ਵਸਿਆ ਤਿਨਿ ਬੇਦਹਿ ਤਤੁ ਪਛਾਨਿਆ॥ਰਹਾਉ॥੪॥੧੧॥ (੧੨੦੫)
–ਬਾਵਨ ਅਖਰ ਜੋਰੇ ਆਨਿ ॥ ਸਕਿਆ ਨ ਅਖਰੁ ਏਕੁ ਪਛਾਨਿ ॥੪੫॥ (੩੪੩)

ਕਿਸੇ ਮਹਾਂਪੁਰਖ ਨੇ ਲਿਖਿਆ ਹੈ, ਮੰਤਰ ਛੋਟੇ ਤੋਂ ਛੋਟਾ ਚੰਗਾ ਹੈ। ਇਸ ਅੱਖਰ ਨੂੰ ਆਪਣੇ ਹਿਰਦੇ ਵਿਚ ਘੁਟ ਕੇ ਬਿਠਾ ਲਉ ਤੇ ਆਪਣੇ ਨਿਤ ਦੇ ਕੰਮਾਂ ਕਾਜਾਂ ਵਿਚ ਨਾਲ ਨਾਲ ਰਖੋ ਤੇ ਆਪਣੇ ਜੀਵਨ ਵਿਚ ਢਾਲ ਲਓ। ਜੇ ਕੋਈ ਸ਼ੰਕਾ-ਸੰਕਲਪ ਵਿਕਲਪ ਆਵੇ ਤਾਂ ਇਸੇ ਇਕ ਅੱਖਰ ਨਾਲ ਹੀ ਉਸ ਦਾ ਹੱਲ ਲਭੋ। ਇਸ ਇਕ ਅੱਖਰ ਦਾ ਇਤਨਾ ਰਟਨ-ਜਾਪ-ਸਿਮਰਨ ਕਰੋ ਕਿ ਤੁਹਾਡੇ ਤਨ-ਮਨ-ਹਿਰਦਾ-ਅੰਤਿਸ਼ਕਰਣ ਵਿਚ ਇਹ ਅਖਰ 'ਮੰਤਰ' ਧਸ, ਵਸ-ਰਸ ਜਾਵੇ, ਤੇ ਇਹ 'ਮੰਤਰ' ਤੁਹਾਡੇ 'ਅਨਭਵ' ਵਿਚ 'ਸੁਨਣ' ਲਗ ਜਾਵੇ, ਅਤੇ ਤੁਹਾਡਾ ਸਾਰਾ 'ਆਪਾ-ਹੋਂਦ' ਹੀ ਇਸ ਵਿਚ ਸਮਾ ਜਾਵੇ ॥

ਨਾਮ ਜਪਣ ਲਈ ਸਭ ਤੋਂ ਵਿਸ਼ੇਸ਼ ਸਮਾਂ "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ" ਵਾਲਾ


www.AKJ.Org

ਹੈ। "ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ" (੨੫੫) ਦੇ ਹੁਕਮ ਅਨੁਸਾਰ ਪ੍ਰਭਾਤ ਵੇਲਾ ਸਿਮਰਨ ਲਈ ਸਭ ਤੋਂ ਉਤਮ ਹੈ, ਪਰ ਨਾਲ ਹੀ ਪ੍ਰੇਰਨਾ ਕੀਤੀ ਗਈ ਹੈ।

—ਨਿਸਿ ਬਾਸੁਰ ਅਾਰਾਧਿ ॥
—ਉਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ ॥ਰਹਾਉ॥ (੧੨੯੮)
—ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥੧॥੧੯॥ (੮੦੬)

"ਬਹਿਦਿਆ ਉਠਦਿਆ ਨਿਤ ਧਿਆਈਐ" (੧੨੮੧) ਯਾਨੀ ਹਰ ਵਕਤ, ਸਦਾ, ਪਲ ਪਲ, ਨਿਮਖ ਨਿਮਖ, ਹਰ ਹਾਲਤ ਵਿਚ, ਹਰ ਵੇਲੇ, ਕੰਮ ਕਾਜ ਕਰਦਿਆਂ, ਖਾਂਦੇ ਪੀਂਦੇ, ਜਾਗਦੇ ਸੌਂਦੇ, ਉਠਦੇ ਬਹਿੰਦੇ, ਤੁਰਦੇ ਫਿਰਦੇ, ਸਦਾ ਸਿਮਰਨ ਕਰਨ ਦਾ ਉਪਦੇਸ਼ ਦ੍ਰਿੜ੍ਹ ਕਰਾਇਆ ਗਿਆ ਹੈ।

ਸਿਮਰਨ ਅਭਿਆਸ ਦੀ ਘਾਲਣਾ ਵਿਚ "ਸਾਧਸੰਗਤ" ਬਹੁਤ ਜ਼ਰੂਰੀ ਅਤੇ ਸਹਾਇਕ ਹੈ। ਮਹਾਂਪੁਰਖਾਂ ਦੀ ਸੰਗਤ, ਜਿਹੜੇ ਖ਼ੁਦ ਨਾਮ ਕਮਾਈ ਵਿਚ ਜੁਟੇ ਹਨ ਤੇ ਰਸ ਮਾਣਦੇ ਹਨ, ਉਨ੍ਹਾਂ ਦੀ ਸੰਗਤ ਵਿਚ ਬਗੈਰ ਕਿਸੇ ਖ਼ਾਸ ਖੇਚਲ ਤੋਂ ਸਹਿਜੇ ਹੀ ਮਨ ਜੁੜਦਾ ਹੈ, ਤੇ ਸਿਮਰਨ ਵਿਚ ਲਗਾ ਰਹਿੰਦਾ ਹੈ, ਤੇ ਰਸ ਮਾਣਦਾ ਹੈ।

—ਸਾਧ ਕੈ ਸੰਗਿ ਨਹੀ ਕਛੁ ਘਾਲ ॥੬॥੭॥ (੨੭੨)
—ਸਾਧ ਕੈ ਸੰਗਿ ਸੁਨਉ ਹਰਿ ਨਾਉ ॥ ਸਾਧ ਸੰਗਿ ਹਰਿ ਕੇ ਗੁਨ ਗਾਉ ॥
ਸਾਧ ਕੈ ਸੰਗਿ ਨ ਮਨ ਤੇ ਬਿਸਰੈ ॥ ਸਾਧ ਸੰਗਿ ਸਰਪਰ ਨਿਸਤਰੈ ॥
ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥ ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥੭॥੭॥ (੨੭੨)
—ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥ (੧੨)
—ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ, ਤਿਉ ਤਿਉ ਹਰਿ ਸਿਉ ਰੰਗੁ ॥੯॥੧॥੨੬॥

ਹੇਠਲੇ ਗੁਰਵਾਕ ਅਨੁਸਾਰ ਜਦ ਪਿਛਲੇ ਸੰਸਕਾਰਾਂ ਦੁਆਰਾ "ਪੂਰਬ ਕਰਮ" ਪ੍ਰਗਟਦੇ ਹਨ ਤਾਂ ਸਾਧ ਸੰਗਤ ਵਿਚ ਸਾਧੂ ਸਤਿਗੁਰ ਦਾ ਮਿਲਾਪ ਹੁੰਦਾ ਹੈ ਤੇ ਆਤਮਕ "ਛੋਹ" ਪ੍ਰਾਪਤ ਹੋ ਜਾਵੇ ਤਾਂ ਜਗਿਆਸੂ ਦੀ ਆਤਮਾ ਫ਼ੌਰਨ ਜਾਗ ਪੈਂਦੀ ਹੈ ਤੇ ਸਹਿਜ ਸੁਭਾ ਅਤੁੱਟ ਸਿਮਰਨ ਚਾਲੂ ਹੋ ਜਾਂਦਾ ਹੈ ਤੇ ਉਹ ਵਡਭਾਗਾ ਹੋ ਜਾਂਦਾ ਹੈ।

—ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥
ਗਉੜੀ ਮ: ੫—੨੦੪

ਇਹ ਗੱਲ ਸਪਸ਼ਟ ਕਰਨ ਦੀ ਲੋੜ ਹੈ ਕਿ 'ਵਾਹਿਗੁਰੂ' ਗੁਰ-ਮੰਤਰ ਵਿਚ ਹੋਰ ਸਾਰੇ ਵਿਸ਼ੇਸ਼ 'ਮੰਤਰ' ਸ਼ਾਮਲ ਹਨ, ਜਿਸ ਤਰ੍ਹਾਂ ਕਿ—

"ਵ" ਵਾਸਦੇਵ ਦਾ ਪ੍ਰਤੀਕ ਹੈ। "ਹ" ਹਰੀ ਦਾ ਪ੍ਰਤੀਕ ਹੈ। 'ਗ' ਗੋਬਿੰਦ ਦਾ ਪ੍ਰਤੀਕ ਹੈ। 'ਰ' ਰਾਮ ਦਾ ਪ੍ਰਤੀਕ ਹੈ ਤੇ ਸਮੁਚਾ ਮੰਤਰ 'ਵਾਹਿਗੁਰੂ' ਇਨ੍ਹਾਂ ਸਾਰਿਆਂ ਚੋਹਾਂ ਮੰਤਰਾਂ ਦਾ ਪ੍ਰਤੀਕ ਹੀ ਨਹੀਂ, ਬਲਕਿ ਨਿਚੋੜ' (Essence) ਹੈ, 'ਮਹਿਕ' ਹੈ, 'ਹੋਂਦ' ਹੈ, ਤੇ 'ਤੱਤ ਹੈ। [ਖਾਲਸਾ ਸਮਾਚਾਰ, ੨੪-੩-੮੩

---

*ਰਿਸ਼ਤੇ ਨਾਤੇ*—ਇਹ ਫ਼ਾਰਮ ਮੰਗਵਾਉਣ ਲਈ ਆਪਣਾ ਐਡਰੈਸ ਲਿਖ ਕੇ ਪੰਜਾਹ ਪੈਸੇ ਦਾ ਲਫ਼ਾਫ਼ਾ ਨਾਲ ਭੇਜੋ ਜੀ।


www.AKJ.Org

# ਨਾ ਹਮ ਹਿੰਦੂ ਨ ਮੁਸਲਮਾਨ

[ਸ: ਮਦਨ ਸਿੰਘ ਜੀ, 11-Apollo Way, Perry Barr, ਬਿਰਮਿੰਘਮ-14, ਯੂ. ਕੇ.]

ਸਿਖ ਕੌਮ ਦੀ ਬਦਕਿਸਮਤੀ ਹੈ ਕਿ ਜਿਤਨਾ ਇਹ ਧਰਮ ਸਪਸ਼ਟ ਤੇ ਸਿੱਧਾ ਹੈ, ਉਤਨਾ ਹੀ ਦੁਨੀਆ ਦੇ ਸਾਹਮਣੇ ਧੁੰਦਲਾ ਪੇਸ਼ ਕੀਤਾ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਹਿੰਦੂ ਵਿਦਵਾਨਾਂ ਦਾ ਪੂਰਾ ਜ਼ੋਰ ਇਹ ਸਾਬਤ ਕਰਨ ਤੇ ਲਗਾ ਹੋਇਆ ਹੈ ਕਿ ਚੂੰਕਿ ਸਿੱਖ ਹਿੰਦੂਆਂ ਵਿਚੋਂ ਨਿਕਲੇ ਹਨ, ਇਸ ਕਰਕੇ 'ਸਿਖ' 'ਹਿੰਦੂ' ਹਨ। ਹਿੰਦ ਸਰਕਾਰ ਨੇ ਵੀ ਪੱਕੀ ਧਾਰੀ ਹੋਈ ਹੈ ਕਿ 'ਸਿਖ ਵਖਰੀ ਕੌਮ' ਨਹੀਂ, ਸਗੋਂ ਹਿੰਦੂ ਧਰਮ ਦੀ ਸ਼ਾਖ ਹੈ। ਇਸੇ ਲਈ ਵਿਧਾਨ ਵਿਚ ਸਿਖਾਂ ਦੀ ਕੋਈ ਥਾਂ ਜਾਂ ਅਵਾਜ਼ ਨਹੀਂ, ਭਾਵੇਂ ਸਿਖਾਂ ਦੇ ਧਾਰਮਿਕ ਅਸੂਲ, ਚਿੰਨ੍ਹ ਤੇ ਗੁਰਮੁਖੀ ਪਹਿਰਾਵਾ ਸਭ ਕੁਝ ਵਖਰਾ ਹੈ। ਹਿੰਦੂ-ਕੋਡ ਬਿਲ ਸਿਖਾਂ ਤੇ ਵੀ ਉਸੇ ਤਰ੍ਹਾਂ ਲਾਗੂ ਹੈ ਜਿਵੇਂ ਹਿੰਦੂਆਂ ਤੇ, ਜਦ ਕਿ ਹਿੰਦੂ ਧਰਮ ਨਾਲ ਸਿਖ-ਮਤ ਦੇ ਬੁਨਿਆਦੀ ਅਸੂਲ ਕੋਈ ਮੇਲ ਨਹੀਂ ਖਾਂਦੇ। ਸਿਖ ਹਿੰਦੂ ਸਮਾਜ ਦਾ ਹੀ ਅੰਗ ਕਹਿ ਕੇ ਛੁਟਿਆਏ ਜਾਂਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰਖੀ। ਇਹ ਧਰਮ ਨਾ ਤਾਂ ਕਿਸੇ ਫ਼ਲਸਫ਼ੇ ਦਾ ਮੁਹਤਾਜ ਹੈ, ਨਾ ਹੀ ਕਰਮ ਕਾਂਡ ਦਾ ਪਲੰਦਾ ਹੈ ਤੇ ਨਾ ਹੀ ਕਿਸੇ ਖਾਸ ਸ਼੍ਰੇਣੀ, ਜ਼ਾਤ, ਵਰਨ ਜਾਂ ਦੇਸ਼, ਮੁਲਕ ਲਈ ਰਾਖਵਾਂ ਹੈ, ਸਗੋਂ—ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥੪॥ (੧੪੭)
ਨਾ ਇਹ ਧਰਮ ਜਗਤ ਮਿਥਿਆ ਦਾ ਉਪਦੇਸ਼ ਦਿੰਦਾ ਹੈ। ਸਗੋਂ 'ਰਾਜ ਵਿਚ ਜੋਗ' ਤੇ 'ਮਾਇਆ ਵਿਚ ਉਦਾਸ' ਰਹਿਣ ਦੀ ਜਾਚ ਦਸਦਾ ਹੈ। ਹਿੰਦੂ ਧਰਮ ਦੀ ਕੋਈ ਖਾਸ ਡੈਫ਼ੀਨੀਸ਼ਨ ਨਹੀਂ। ਇਸਨੂੰ ਸਵੈ-ਵਿਰੋਧੀ ਖਿਆਲਾਂ ਦਾ ਮਿਲਗੋਭਾ ਹੀ ਕਿਹਾ ਜਾ ਸਕਦਾ ਹੈ। ਹਿੰਦੂ ਲੋਕ ਆਪੋ ਆਪਣੇ ਕਲਪਤ ਦੇਵੀ ਦੇਵਤਿਆਂ ਨੂੰ ਮੰਨਦੇ ਹਨ—ਪੂਜਾ ਅਰਚਾ ਦਾ ਤਰੀਕਾ ਵੀ ਅਡੋ ਅੱਡਰਾ ਹੈ।

ਗੁਰੂ ਨਾਨਕ ਦੇਵ ਜੀ ਦਾ ਜਨਮ ਹਿੰਦੂ ਘਰਾਣੇ ਵਿਚ ਜ਼ਰੂਰ ਹੋਇਆ, ਪਰ ਹਿੰਦੂ ਧਰਮ ਗ੍ਰਹਿਣ ਨਹੀਂ ਕੀਤਾ, ਕਿਉਂਕਿ 'ਹਿੰਦੂ ਧਰਮ' ਤਾਂ 'ਵਹਿਮ' ਦਾ ਧਰਮ ਬਣ ਕੇ ਰਹਿ ਗਿਆ ਸੀ। ਜਿਵੇਂ ਕਿ ਬਚਪਨ ਵਿਚ ਆਪ ਨੇ ਹਿੰਦੂ ਧਰਮ ਦੇ ਧਾਰਨੀਆਂ ਵਾਂਗ ਜਨੇਊ ਪਾਉਣ ਤੋਂ ਸਾਫ਼ ਇਨਕਾਰ ਕਰ ਦਿਤਾ ਸੀ। ਆਪ ਜੀ ਨੇ ਜਲਦੀ ਸ੍ਰਿਸ਼ਟੀ ਨੂੰ ਸ਼ਾਂਤੀ ਦਾ ਉਪਦੇਸ਼ ਦੇਣ ਲਈ ਸਿੱਖ ਧਰਮ ਦੀ ਨੀਂਹ ਰਖੀ। ਜਿਵੇਂ ਹਜ਼ਰਤ ਮੂਸਾ ਬੁੱਤ-ਪ੍ਰਸਤਾਂ ਦੇ ਘਰ ਪੈਦਾ ਹੋਏ, ਪਰ (JEW) ਯਹੂਦੀ ਧਰਮ ਦੀ ਬੁਨਿਆਦ ਰਖੀ। ਯਹੂਦੀਆਂ ਦੇ ਘਰ ਹਜ਼ਰਤ ਈਸਾ ਪੈਦਾ ਹੋਏ,ਈਸਾਈ ਧਰਮ ਦੀ ਬੁਨਿਆਦ ਰਖੀ। ਹਜ਼ਰਤ ਮੁਹੰਮਦ ਕੁਰੈਸ਼ੀ ਦੇ ਘਰ ਪੈਦਾ ਹੋਏ ਅਤੇ ਮੁਸਲ-ਮਾਨ ਧਰਮ ਦੀ ਬੁਨਿਆਦ ਰਖੀ। ਇਹ ਜਦੋਂ ਪੈਦਾਇਸ਼ੀ ਘਰਾਣੇ ਦੇ ਧਰਮ ਤੋਂ ਉਲਟ ਵਖਰੇ ਧਰਮ ਦੀ ਨੀਂਹ ਰਖ ਸਕਦੇ ਹਨ ਤਾਂ ਨਿਰਸੰਦੇਹ ਗੁਰੂ ਨਾਨਕ ਜੀ ਵੀ ਵਖਰਾ ਧਰਮ ਚਲਾਉਣ ਲਈ ਧਰਤੀ ਤੇ ਭੇਜੇ ਗਏ। ਗੁਰੂ ਨਾਨਕ ਜੋਤ ਨੇ ਦਸ ਜਾਮਿਆਂ ਵਿਚ ਆਪਣੇ ਮਿਸ਼ਨ ਨੂੰ ਸੰਪੂਰਨ ਕੀਤਾ—

—"ਨਾਨਕੁ ਤੂ, ਲਹਣਾ ਤੂਹੈ, ਗੁਰੁ ਅਮਰੁ ਤੂ ਵੀਚਾਰਿਆ ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ" ॥੭॥ [ਸਤੇ ਬਲਵੰਡ ਦੀ ਵਾਰ, ੯੬੭

—"ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥" (ਸਤੇ ਬਲਵੰਡ ਦੀ ਵਾਰ)

ਇਸ ਧਰਮ ਨੂੰ ਮੰਨਣ ਵਾਲੀ ਕੌਮ ਦੀ ਆਪਣੀ ਵਖਰੀ ਅਹਿਮੀਅਤ ਹੈ। ਸਿਖਾਂ ਨੂੰ ਉਪਦੇਸ਼ ਧੁਰ ਕੀ ਬਾਣੀ ਰਾਹੀਂ ਦਿੱਤਾ ਤੇ ਸਾਫ਼ ਸਾਫ਼ ਕਹਿ ਸੁਣਾਇਆ—

—"ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥" (੭੬੩)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਸ੍ਰੀ ਗੁਰੂ ਅੰਗਦ ਸਾਹਿਬ ਨੂੰ ਸੌਂਪੀ ਤੇ ਇਸੇ ਤਰ੍ਹਾਂ "ਜੋਤਿ ਓਹਾ ਜੁਗਤਿ



www.AKJ.Org

ਸਾਇ ਸਹਿ ਕਾਇਆ ਫੇਰਿ ਪਲਟੀਐ।" ਤੇ ਅਖ਼ੀਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੁੱਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਰਾਜਮਾਨ ਕੀਤੇ।

ਸਿਖ ਹਿੰਦੁਸਤਾਨ ਦੇ ਵਸਨੀਕ ਹਨ, ਪਰ 'ਹਿੰਦੂ' ਨਹੀਂ। ਇਹ ਸੱਚਾਈ ਮਨ-ਉਕਤਿ ਨਹੀਂ, ਸਗੋਂ ਸਤਿਗੁਰਾਂ ਦੀ ਆਗਿਆ ਅਨੁਸਾਰ ਹੈ, ਯਥਾ :—

੧. ਨਾ ਹਮ ਹਿੰਦੂ ਨ ਮੁਸਲਮਾਨ ॥੪॥੩॥ (ਭੈਰਉ ਮ: ੫—੧੧੩੬)

੨. ਹੋਰੁ ਫਕੜੁ ਹਿੰਦੂ ਮੁਸਲਮਾਣੈ ॥੨॥੧੧॥ (ਮ: ੧, ਰਾਮਕਲੀ ਵਾਰ ਮ: ੩)

੩. ਮੁਸਲਮਾਣਾਂ ਹਿੰਦੂਆਂ ਦੁਹਿ ਰਾਹ ਚਲਾਏ ॥
ਰਾਮ ਰਹੀਮ ਧਿਆਇੰਦੇ ਹਉਮੈ ਗਰਬਾਏ ॥੯॥ (੨੮) (ਭਾਈ ਗੁਰਦਾਸ ਜੀ)

੪. ਪੁਛਨਿ ਫੋਲਿ ਕਿਤਾਬ ਨੋ 'ਹਿੰਦੂ' ਵਡਾ ਕਿ 'ਮੁਸਲਮਾਨੋਈ ॥'
ਬਾਬਾ ਆਖੇ ਹਾਜੀਆਂ 'ਸ਼ੁਭ ਅਮਲਾਂ ਬਾਝਹੁ' ਦੋਨੋ ਰੋਈ ॥
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ ॥ ੩੩॥੧॥(ਭਾਈ ਗੁਰਦਾਸ ਜੀ)

੫. ਇਕ ਤਸਬੀ ਇਕ ਮਾਲਾ ਧਰਹੀਂ ॥ ਏਕ ਪੁਰਾਨ ਕੁਰਾਨ ਉਚਰਹੀਂ ॥
ਏਕੈ ਦੋਊ ਮੋਹ ਬਾਦ ਮੋਂ ਪਚੇ ॥ ਇਨ ਤੇ ਨਾਥ ਨਿਰਾਲੇ ਬਚੇ ॥੧੯॥੨॥ (ਚੌਬੀਸਵਾ ਅਵਤਾਰ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਂ ਨੂੰ ਤਾੜਨਾ ਕੀਤੀ :—

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ ॥
ਤੀਰਥ, ਦਾਨ, ਦਯਾ, ਤਪ, ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥ (ਸ੍ਵਯੇ ਪਾਤਸ਼ਾਹੀ ੧੦)

ਸੋ ਸਪਸ਼ਟ ਤੌਰ ਤੇ ਖ਼ਾਲਸੇ ਨੂੰ ਹਿੰਦੂ ਆਦਿਕ ਧਰਮਾਂ ਤੋਂ ਅਲੱਗ ਕਰ ਕੇ ਸਿਖ ਧਰਮ ਦੇ ਝੰਡੇ ਗੱਡ ਦਿੱਤੇ। ਸਿਖਾਂ ਨੂੰ ਅੰਮ੍ਰਿਤ ਛਕਾ ਸਿਖੀ ਬਾਣਾ ਬਖਸ਼ ਕੇ 'ਸਿੰਘ' ਤੇ 'ਕੌਰ' (ਸ਼ੇਰ-ਸ਼ੇਰਨੀ) ਬਣਾ ਦਿੱਤਾ। ਪੰਜ ਕਕਾਰੀ ਰਹਿਤ ਰਖਣ ਦਾ ਕਰੜਾ ਹੁਕਮ ਕੀਤਾ। ਗੁਰਮਤਿ ਤੇ ਦ੍ਰਿੜ੍ਹ ਰਹਿ ਕੇ ਚਲਣ ਦਾ ਉਪਦੇਸ਼ ਦਿੱਤਾ। ਇਸ ਲਈ ਅਨਯ ਮਤ ਤੇ ਗੁਰਮਤਿ ਅਸੂਲਾਂ ਦਾ ਨਿਰਣਾ ਕਰਨਾ ਲਾਜ਼ਮੀ ਹੈ—

੧. ਮੰਤ੍ਰ—ਹਿੰਦੂਆਂ ਦਾ ਗਾਯਤ੍ਰੀ, ਮੁਸਲਮਾਨਾਂ ਦਾ ਕਲਮਾ ਤੇ ਸਿਖਾਂ ਦਾ ਵਾਹਿਗੁਰੂ ਗੁਰ-ਮੰਤ੍ਰ ਹੈ।

੨. ਮੰਗਲਾ ਚਰਣ—ਹਿੰਦੂਆਂ ਦਾ ਓਅੰ ਸ੍ਰੀ ਗਣੇਸ਼ਯ ਨਮਹ, ਆਦਿਕ। ਮੁਸਲਮਾਨਾਂ ਦਾ ਬਿਸਮਿੱਲਾ ਆਦਿ। ਸਿਖਾਂ ਦਾ ੧ਓ ਸਤਿ ਗੁਰ ਪ੍ਰਸਾਦਿ।

੩. ਮੁਲਾਕਾਤ ਵੇਲੇ—ਹਿੰਦੂ ਰਾਮ ਰਾਮ, ਨਮਸਤੇ, ਆਦਿ। ਮੁਸਲਮਾਨ ਸਲਾਮ, ਔਰ ਸਿਖ 'ਵਾਹਿਗੁਰੂ ਜੀ ਕੀ ਫਤਹ' ਬੁਲਾਉਂਦੇ ਹਨ।

੪. ਧਰਮ ਪੁਸਤਕ—ਹਿੰਦੂਆਂ ਦੇ ਵੇਦ, ਮੁਸਲਮਾਨਾਂ ਦਾ ਕੁਰਾਨ ਤੇ ਸਿੱਖਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ। ਵੇਦਾਂ ਸ਼ਾਸਤ੍ਰਾਂ ਆਦਿ ਮੰਤਰਾਂ ਦੇ ਪਠਨ-ਪਾਠਨ ਦਾ ਅਧਿਕਾਰ ਹਿੰਦੂ ਮੱਤ ਅਨੁਸਾਰ ਕੇਵਲ ਬ੍ਰਾਹਮਣ ਨੂੰ ਹੈ, ਪਰ ਗੁਰਬਾਣੀ ਚਹਹੁੰ ਵਰਨਾਂ ਲਈ ਸਾਂਝੀ ਰਚ ਕੇ, ਪ੍ਰਾਣੀ ਮਾਤਰ ਨੂੰ ਪਠਨ-ਪਾਠਨ ਦਾ ਅਧਿਕਾਰ ਦੇ ਦਿਤਾ ਗਿਆ ਹੈ।

੫. ਤੀਰਥ—ਹਿੰਦੂਆਂ ਦੇ ਗੰਗਾ, ਬਨਾਰਸ, ਗਯਾ, ਪਰਾਗ ਆਦਿ। ਮੁਸਲਮਾਨਾਂ ਦੇ ਮੱਕਾ ਮਦੀਨਾ। ਸਿਖਾਂ ਦੇ ਸ੍ਰੀ ਅੰਮ੍ਰਿਤਸਰ, ਅਬਚਲ ਨਗਰ (ਹਜ਼ੂਰ ਸਾਹਿਬ ਨੰਦੇੜ) ਔਰ ਸਭ ਤੋਂ ਮੁਖ ਵਾਹਿਗੁਰੂ ਦਾ ਨਾਮ।


www.AKJ.Org

੬. ਪੂਜਾ ਦੀ ਦਿਸ਼ਾ–ਹਿੰਦੂ ਪੂਰਬ ਨੂੰ ਨਮਸਕਾਰ ਕਰਦੇ ਹਨ। ਮੁਸਲਮਾਨ ਪਛਮ ਨੂੰ। ਸਿੱਖ ਚਾਰੋਂ ਪਾਸੇ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝਦਾ ਹੈ।

੭. ਇਸ਼ਨਾਨ ਦਾ ਵੇਲਾ–ਹਿੰਦੂਆਂ ਦਾ ਸੂਰਜ ਚੜ੍ਹਨ ਸਮੇਂ। ਮੁਸਲਮਾਨ ਨਿਮਾਜ਼ ਤੋਂ ਪਹਿਲਾਂ ਵਜ਼ੂ ਕਰਦੇ ਹਨ। ਸਿਖ ਅੰਮ੍ਰਿਤ ਵੇਲੇ ਦੀ ਸੰਭਾਲ ਕਰਦਿਆਂ ਹੋਇਆਂ ਨਿਤਾਪ੍ਰਤੀ ਇਸ਼ਨਾਨ ਸਾਵਧਾਨ ਹੋਣ ਲਈ ਕਰਦੇ ਹਨ। ਪਰ ਇਸ਼ਨਾਨ ਨੂੰ ਮੁਕਤੀ ਦਾ ਸਾਧਨ ਨਹੀਂ ਸਮਝਦੇ।

੮. ਸੰਸਕਾਰ–ਹਿੰਦੂ, ਜਨੇਊ, ਮੁੰਡਨ ਆਦਿ ਰਸਮਾਂ ਕਰਦੇ ਹਨ। ਮੁਸਲਮਾਨ ਸੁੰਨਤ। ਸਿੰਘ ਸਿੰਘਣੀ ਲਈ ਅੰਮ੍ਰਿਤ ਛਕਣਾ ਹੀ ਅਤੀ ਜ਼ਰੂਰੀ ਦਸਿਆ ਗਿਆ ਹੈ।

੯. ਹਿੰਦੂ–ਸੰਨਿਆਸੀ ਅਤੇ ਬ੍ਰਾਹਮਣ ਨੂੰ ਦਾਨ ਦੇਣਾ ਪੁੰਨ ਸਮਝਦੇ ਹਨ। ਸਿਖਾਂ ਲਈ ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ।

੧੦. ਚਿੰਨ੍ਹ–ਹਿੰਦੂਆਂ ਲਈ ਤਿਲਕ, ਮਾਲਾ ਜਨੇਊ ਧੋਤੀ ਆਦਿਕ। ਸਿੱਖ ਲਈ "ਕਛ ਕੜਾ ਕਿਰਪਾਨ ਕੰਘਾ ਕੇਸਕੀ। ਪੰਜ ਕਕਾਰੀ ਰਹਿਤ ਧਾਰੇ ਸਿੱਖ ਸੋਈ।" (ਰਹਿਤਨਾਮਾ ਭਾਈ ਚੋਪਾ ਸਿੰਘ)

ਗੱਲ ਕੀ, ਕਿਸੇ ਵੀ ਨੁਕਤੇ ਤੇ ਹਿੰਦੂ ਅਤੇ ਸਿਖ ਧਰਮ ਦੇ ਅਸੂਲਾਂ ਦੀ ਸਾਂਝ ਨਹੀਂ। ਹਿੰਦੂ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਹਨ, ਪਰ ਸਿਖਾਂ ਲਈ ਫ਼ੁਰਮਾਨ ਹੈ–

–ਬਿਨੁ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ, ਤਿਹ ਪਰਮੇਸਰ ਜਾਨੋ ॥ਰਹਾਉ॥ ਪ॥ ਸ਼ਬਦ ਹਜ਼ਾਰੇ ਪਾ: ੧੦
–ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ॥ (ਭੈਰਉ ਮ: ੫–੧੨੩੮-੩੯)
–ਭਰਮੇ ਸੁਰਿਨਰ ਦੇਵੀ ਦੇਵਾ ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥੩॥ (ਬਾਵਨ ਅਖਰੀ ਮ: ੫–੨੫੮)
–ਦੇਵੀਆ ਨਹੀ ਜਾਨੈ ਮਰਮ ॥੨॥ (ਰਾਮਕਲੀ ਮ: ੫–੮੯੪)
–ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥ [ਗੋਂਡ ਨਾਮਦੇਵ ਜੀਉ, ੮੭੪

ਦੇਵੀ ਦੇਵਤਿਆਂ ਦੀ ਪੂਜਾ ਸਿਖਾਂ ਲਈ ਬਿਵਰਜਿਤ ਹੈ। ਹੁਕਮ ਹੈ :–

–ਮੈ ਨ ਗਨੇਸਹਿ ਪ੍ਰਿਥਮ ਮਨਾਊਂ ॥ ਕਿਸਨ ਬਿਸਨ ਕਬਹੂੰ ਨ ਧਿਆਊਂ॥(ਪਾਤਸ਼ਾਹੀ ੧੦)
–ਏਕੋ ਜਪਿ ਏਕੋ ਸਾਲਾਹਿ॥ ਏਕੁ ਸਿਮਰਿ ਏਕੋ ਮਨ ਆਹਿ ॥੮॥੧੯॥ (ਸੁਖਮਨੀ ਸਾਹਿਬ)
–ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥ ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥ (ਚੌਪਈ)

ਫਿਰ ਹਿੰਦੂ ਜ਼ਾਤ ਵਰਨ ਦੇ ਸ਼ਰਧਾਲੂ ਹਨ। ਉਨ੍ਹਾਂ ਦੇ ਅਨੁਸਾਰ ਬ੍ਰਾਹਮਣ ਪੂਜਣ-ਯੋਗ ਹੈ। ਭਾਵੇਂ ਬਦਚਲਣ ਹੀ ਕਿਉਂ ਨਾ ਹੋਵੇ, ਕਿਉਂਕਿ ਬ੍ਰਹਮਾਂ ਦੇ ਮੂੰਹ ਤੋਂ ਪੈਦਾ ਹੋਇਆ ਹੈ। ਖਤ੍ਰੀ ਅਤੇ ਵੈਸ਼ ਪੂਜਾ, ਧਨ, ਦਾਨ ਤੇ ਮਾਣ ਬ੍ਰਾਹਮਣਾਂ ਲਈ ਹੀ ਸੁਰਖਿਅਤ ਰਖਦਾ ਹੈ। ਸ਼ੂਦਰ ਬ੍ਰਹਮਾ ਦੇ ਪੈਰਾਂ ਤੋਂ ਜੰਮਿਆ ਹੈ, ਇਸ ਲਈ ਨੀਚ ਹੈ, ਉਹ ਪੂਜਾ ਦਾ ਹੱਕ ਨਹੀਂ ਰਖਦਾ, ਬ੍ਰਾਹਮਣ ਦੇ ਮਥੇ ਨਹੀਂ ਲਗ ਸਕਦਾ। ਪਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਇਕ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਪਾਸੋਂ ਰਖਾ ਕੇ ਅਤੇ ਚਾਰੋਂ ਪਾਸੇ ਚਹੁੰ ਵਰਨਾਂ ਲਈ ਦਰਵਾਜ਼ੇ ਰਖ ਕੇ ਸਾਂਝੀਵਾਲਤਾ ਦੀ ਮਿਸਾਲ ਕਾਇਮ ਕੀਤੀ। ਸਿਖਾਂ ਲਈ ਉਪਦੇਸ਼ ਹੈ–

"ਏਕੁ ਪਿਤਾ ਏਕਸ ਕੇ ਹਮ-ਬਾਰਿਕ, ਤੂ ਮੇਰਾ ਗੁਰ ਹਾਈ ॥ (ਸੋਰਠਿ ਮ: ੫–੬੧੧)
"ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥ (ਸਲੋਕ ਮ: ੧–੮੩)
"ਨਾਮਾ ਛੀਬਾ, ਕਬੀਰੁ ਜੋਲਾਹਾ, ਪੂਰੇ ਗੁਰ ਤੇ ਗਤਿ ਪਾਈ ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥੧॥੩॥



www.AKJ.Org

ਸੁਰਿਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥ ॥੩॥੨੨॥ (ਸਿਰੀਰਾਗੁ ਮ: ੩–੬੭)

"ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ ॥

ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ ॥੧॥ (ਗੂਜਰੀ ਮ: ੫–੪੯੮)

"ਕਹੁ ਰੇ ਪੰਡਿਤ, ਬਾਮਨ ਕਬ ਕੇ ਹੁਏ ॥ ਬਾਮਨ ਕਹਿ ਕਹਿ ਜਨਮੁ ਮਤ ਖੋਏ ॥

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥੨॥

(ਗਉੜੀ ਕਬੀਰ ਜੀ ੩੨੪)

"ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥ (੩੨੪)

ਸੋ ਸਤਿਗੁਰਾਂ ਨੇ ਜਨਮ ਤੋਂ ਜਾਤੀ ਦਾ ਭਰਮ ਮਿਟਾ ਕੇ ਸਭ ਵਰਨਾਂ ਨੂੰ ਇਕ ਕਰ ਦਿੱਤਾ। ਗਾਡੀ ਰਾਹ ਤੇ ਚਲਣ ਵਾਲੇ ਨਾਮੀ ਨੂੰ ਗਿਆਨੀ ਕਿਹਾ, ਪੂਜਯ ਪੁਰਸ਼ ਆਖਿਆ। ਇਸੇ ਤਰ੍ਹਾਂ ਵਰਤ, ਨੇਮ, ਸੂਤਕ, ਕਰਮ ਕਾਂਡ, ਸ਼ਰਾਹ ਆਦਿ ਦੀ ਜਿਲ੍ਹਣ ਵਿਚੋਂ ਸਿਖਾਂ ਨੂੰ ਕਢਿਆ। ਹਿੰਦੂ ਧਰਮ ਵਿਚ ਮੂਰਤੀ ਪੂਜਾ ਪ੍ਰਧਾਨ ਹੈ। ਪਰ ਸਿਖ ਧਰਮ ਵਿਚ ਇਸ ਦਾ ਨਿਖੇਧ ਹੈ। ਯਥਾ :–

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥

ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥੨॥੨੦॥

(ਮ: ੧, ਬਿਹਾਗੜੇ ਕੀ ਵਾਰ–੫੫੬)

ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥

ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥੧॥

ਠਾਕੁਰੁ ਹਮਰਾ ਸਦ ਬੋਲੰਤਾ ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥ਰਹਾਉ॥......

ਨਾ ਪਾਥਰੁ ਬੋਲੈ ਨਾ ਕਿਛੁ ਦੇਇ ॥ ਫੋਕਟ ਕਰਮ ਨਿਹਫਲ ਹੈ ਸੇਵ ॥੨॥ (ਭੈਰਉ ਮ: ੫–੧੧੬੦)

ਦਸੋਂ ਪਾਤਸ਼ਾਹੀਆਂ ਦੇ ਨਾਮ ਹਿੰਦੂਆਂ ਨਾਲ ਰਲਦੇ ਹਨ, ਪਰ ਗੁਰੂ ਸਾਹਿਬ ਕੇਸਾਧਾਰੀ ਸਾਬਤ ਸੂਰਤ ਸਨ। ਬਾਣੀ ਵਿਚ ਕੇਸਾਂ ਦੀ ਬਹੁਤ ਮਹੱਤਤਾ ਹੈ। ਅਕਾਲ ਪੁਰਖ ਨੂੰ ਵੀ "ਤੇਰੇ ਬੰਕੇ ਲੋਇਣ ਦੰਤ ਰੀਸਾਲਾ, ਸੋਹਣੇ ਨਕ ਜਿਨ ਲੰਮੜੇ ਵਾਲਾ ॥੭॥ (੫੬੭) ਜਟਾ-ਜੂਟ ਸੁੰਦਰ ਸਰੂਪ ਲਖਾਇਆ ਹੈ।

ਪੀਰ ਬੁਧੂ ਸ਼ਾਹ ਨੇ ਪੰਜੇ ਪੁਤਰ ਤੇ ਪੰਜ ਸੌ ਮੁਰੀਦ ਭੰਗਾਣੀ ਦੇ ਯੁਧ ਵਿਚ ਸ਼ਹੀਦ ਕਰਵਾ ਕੇ ਸ਼ੁਕਰ ਕੀਤਾ। ਪਰ ਨਮੋਸ਼ੀ ਦੀ ਬਾਤ ਹੈ ਕਿ ਭੰਗਾਣੀ ਦਾ ਯੁਧ ਹਿੰਦੂ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਤੇ ਸਿਖੀ ਦੇ ਮਉਲ ਰਹੇ ਬੂਟੇ ਨੂੰ ਖ਼ਤਮ ਕਰਨ ਲਈ ਛੇੜਿਆ ਸੀ। ਗੁਰੂ ਸਾਹਿਬ ਨੇ ਧਰਮ ਨੂੰ ਨਸ਼ਟ ਕਰਨ ਲਈ ਤਲਵਾਰ ਨਹੀਂ ਸੀ ਉਠਾਈ। ਆਪ ਜੀ ਨੇ ਧਰਮ ਦੀ ਰਖਿਆ ਲਈ ਅਤੇ ਜ਼ੁਲਮ ਦੇ ਵਿਰੁਧ ਮਜ਼ਲੂਮਾਂ ਦੀ ਰਖਿਆ ਲਈ ਆਪਣੇ ਮਾਤਾ ਪਿਤਾ ਪਰਵਾਰ ਤੇ ਅਨੇਕਾਂ ਸਿੰਘ ਸ਼ਹੀਦ ਕਰਵਾ ਦਿੱਤੇ। ਗੁਰੂ ਤੇਗ ਬਹਾਦਰ ਸਾਹਿਬ ਨੇ ਤਿਲਕ ਜੰਞੂ ਦੀ ਸਲਾਹੁਤਾ ਲਈ ਕੁਰਬਾਨੀ ਨਹੀਂ ਸੀ ਦਿੱਤੀ, ਸਗੋਂ ਦੁਖੀ ਪੰਡਤਾਂ ਦਾ ਦੁਖ ਹਰਨ ਲਈ ਆਪਾ ਵਾਰਿਆ। ਸਤਿਗੁਰਾਂ ਨੇ ਆਪਣੇ ਸਿਖਾਂ ਲਈ ਹਿੰਦੂਆਂ ਦੇ ਕਰਮਾਂ ਕਾਂਡਾਂ, ਤਿਥਿ ਵਾਰ, ਮਹੂਰਤ, ਸ਼ਗਨ ਅਪਸ਼ਗਨ, ਕਿਰਿਆ ਕਰਮ, ਵਰਤ ਨੇਮ, ਪਿੰਡ, ਦਾਨ, ਸਰਾਧ ਆਦਿ ਦੇ ਚਿਕੜ ਵਿਚੋਂ ਕਢ ਕੇ ਅੰਮ੍ਰਿਤ ਵੇਲੇ ਪੰਜ ਬਾਣੀਆਂ, ਸ਼ਾਮ ਵੇਲੇ ਰਹਿਰਾਸ ਤੇ ਰਾਤ ਸੌਣ ਤੋਂ ਪਹਿਲਾਂ ਸੋਹਿਲੇ ਦਾ ਪਾਠ ਕਰਨਾ ਲਾਜ਼ਮੀ ਕੀਤਾ। ਆਪ ਨੇ ਸਿਖਾਂ ਨੂੰ ਕਿਸੇ ਦੇਹਧਾਰੀ ਗੁਰੂ, ਅਵਤਾਰ, ਦੇਵੀ ਦੇਵਤੇ ਦਾ ਨਾਮ ਨਹੀਂ ਸਚੇ ਨਾਮ ਦੀ ਗੁੜ੍ਹਤੀ ਦਿੱਤੀ। ਨੈਨਾਂ ਦੇਵੀ ਦੇ ਮੰਦਰ ਵਿਚ ਯਗ ਨਹੀਂ ਕੀਤਾ, ਸਗੋਂ ਪੰਡਤਾਂ ਦੇ ਪਾਖੰਡ ਨੂੰ ਨੰਗਾ ਕੀਤ, ਕਿ ਹਵਨ ਨਾਲ ਦੇਵੀ ਪਰਗਟ ਨਹੀਂ ਹੋ ਸਕਦੀ; ਦੇਵੀ ਦੇਵਤੇ ਤਾਂ ਆਪ ਅਕਾਲ ਪੁਰਖ ਦੇ ਮੰਗਤੇ ਹਨ, ਉਹ ਕੀ ਕਿਸੇ ਦਾ ਕੁਝ ਸੰਵਾਰ ਸਕਦੇ ਹਨ ? ਚੰਡੀ ਦੀ ਵਾਰ, ਚੰਡੀ ਚਰਿਤ੍ਰ, ਕ੍ਰਿਸ਼ਨਾ ਅਵਤਾਰ



www.AKJ.Org

ਰਾਮਾਵਤਾਰ, ਚੌਬੀਸ ਅਵਤਾਰ ਆਦਿ ਦਾ ਉਲਥਾ ਕਰਵਾ ਕੇ ਇਨ੍ਹਾਂ ਦੀ ਪੂਜਾ ਕਰਨ ਨੂੰ ਨਹੀਂ ਕਿਹਾ, ਸਗੋਂ ਸਿਰਫ "ਧਰਮ ਯੁਧ ਦਾ ਉਤਸ਼ਾਹ" ਭਰਨਾ ਸੀ। ਤਥਾ–

"ਮੈਂ ਨ ਗਨੇਸਹਿ ਪ੍ਰਿਥਮ ਮਨਾਊਂ ॥ ਕਿਸਨ ਬਿਸਨ ਕਬਹੂੰ ਨ ਧਿਆਊਂ ॥
ਕਾਨ ਸੁਨੇ ਪਹਿਚਾਨ ਨ ਤਿਨ ਸੋਂ ॥ ਲਿਵ ਲਾਗੀ ਮੋਰੀ ਪਗ ਇਨ ਸੋਂ" ॥੪੩੪॥ (ਕ੍ਰਿਸ਼ਨਾਵਤਾਰ)
"ਪਾਂਇ ਗਹੇ ਜਬ ਤੇ ਤੁਮਰੇ, ਤਬ ਤੇ ਕੋਊ ਆਂਖ ਤਰੇ ਨਹੀਂ ਆਨਜੋ ॥
ਰਾਮ ਰਹੀਮ ਪੁਰਾਨ, ਕੁਰਾਨ, ਅਨੇਕ ਕਹੈਂ ਮਤ ਏਕ ਨ ਮਾਨਜੋ ॥
ਸਿੰਮ੍ਰਿਤ ਸਾਸਤ੍ਰ ਬੇਦ ਸਭੈ, ਬਹੁ ਭੇਦ ਕਹੈਂ ਹਮ ਏਕ ਨ ਜਾਨਜੋ ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ, ਮੈ ਨ ਕਹਜੋ ਸਭ ਤੋਹਿ ਬਖਾਨਜੋ ॥" (ਰਾਮਾਵਤਾਰ)

ਸਿਖ ਧਰਮ ਵਿਚ ਕਿਸੇ ਸੂਬੇ, ਭਾਸ਼ਾ, ਮਜ਼੍ਹਬ ਜਾਂ ਦੇਸ਼ ਦਾ ਵਿਤਕਰਾ ਨਹੀਂ–ਹਿੰਦੋਸਤਾਨ ਦੀਆਂ ਪਰਚਲਤ ਸੂਬਾਈ ਬੋਲੀਆਂ ਵਿਚ ਬਾਣੀ ਗੁਰਮੁਖੀ ਅਖਰਾਂ ਵਿਚ ਲਿਖੀ ਹੈ। ਹਰ ਪ੍ਰਾਣੀ ਮਾਤਰ ਇਸ ਧਰਮ ਨੂੰ ਅਪਣਾ ਸਕਦਾ ਹੈ। ਖਾਲਸਾ ਪੰਥ ਦੀ ਸਾਜਨਾ ਕਰ ਕੇ ਕੁਚਲੇ ਲਿਤਾੜੇ ਜਾ ਰਹੇ ਹਿੰਦੂਆਂ ਨੂੰ ਬਚਾਇਆ। ਜਿਥੇ ਜ਼ੁਲਮ ਵਿਰੁਧ ਖੰਡਾ ਖੜਕਾਇਆ, ਉਥੇ ਜ਼ਾਤ-ਅਭਿਮਾਨੀਆਂ ਦਾ ਮਾਨ ਮਨ ਦਲ ਕੇ ਸਿੰਘਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ। ਨਿਢਾਲ ਹੋ ਚੁਕੀ ਕੌਮ ਨੂੰ ਸੁਰਜੀਤ ਕਰਕੇ ਦੁਰਾਨੀਆਂ ਦਾ ਮੂੰਹ ਭੰਨ ਦਿੱਤਾ। ਅਤੇ ਅਨਾਥ ਅਬਲਾਵਾਂ ਨੂੰ ਉਨ੍ਹਾਂ ਦੇ ਪੰਜੇ ਤੋਂ ਛੁੜਾਇਆ। ਹਿੰਦੂ ਕੁੜੀਆਂ ਗਜ਼ਨੀ ਦੇ ਬਜ਼ਾਰਾਂ ਵਿਚ ਵੇਚ ਕੇ ਬੇਪਤ ਕੀਤੀਆਂ ਜਾਂਦੀਆਂ ਸਨ–ਰਾਜਪੂਤ ਆਪਣੀਆਂ ਧੀਆਂ ਦੇ ਡੋਲੇ ਮੁਗਲਾਂ ਨੂੰ ਦੇ ਕੇ ਖੁਸ਼ ਹੁੰਦੇ ਸਨ। ਇਕ ਕਵੀ ਅਨੁਸਾਰ–

ਨ ਹੋਤੇ ਅਗਰ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਭ ਕੀ।

ਸਤਿਗੁਰੂ ਨੇ ਸਿਖਾਂ ਨੂੰ ਹੁਕਮ ਦਿਤਾ ਕਿ ਹਿੰਦੂਆਂ (ਸਿਰ-ਗੁੰਮਾਂ) ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਕਰਨੀ। ਨਾਤਾ ਵੀ ਗੁਰੂ ਕੇ ਸਿਖ ਨਾਲ ਕਰੇ। (ਜੋ)ਕੰਨਯਾ ਕੋ ਮਾਰੇ, ਮੋਨੇ ਕੋ ਕੰਨਯਾ ਦੇਵੇ ਸੋ ਤਨਖਾਹੀਆ ਹੈ। ਕੇਸ ਕਤਲ ਕਰਾਵੇ, ਸਿਖੀ ਤੋਂ ਖਾਰਜ (ਪਤਿਤ) ਹੋ ਜਾਂਦਾ ਹੈ।

"ਜਬ ਲਗ ਖਾਲਸਾ ਰਹੈ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰਹੁੰ ਇਨ ਕੀ ਪ੍ਰਤੀਤ ॥"

ਗੁਰੂ ਸਾਹਿਬ ਦਾ ਉਪਦੇਸ਼ ਏਕਤਾ ਤੇ ਪ੍ਰਸਪਰ ਪ੍ਰੇਮ ਦਾ ਹੈ, ਜਿਸਨੂੰ ਅਸੀਂ ਵਿਸਾਰ ਨਹੀਂ ਸਕਦੇ; ਪਰ ਧਾਰਮਿਕ ਤੇ ਸਮਾਜਿਕ ਨਿਯਮਾਂ ਅਨੁਸਾਰ ਇਕ ਨਹੀਂ ਹੋ ਸਕਦੇ। ਇਸ ਕਰਕੇ ਮੋਨੇ ਹੋਏ ਸਿਖ ਦੀ ਪ੍ਰਤੀਤ ਵੀ ਹੋ ਨਹੀਂ ਸਕਦੀ। ਭਾਵੇਂ ਅਜਿਹੇ ਪਤਿਤ ਢੁਚਰਾਂ ਡਾਹੁੰਦੇ ਹਨ ਕਿ ਮਨ ਤੋਂ ਸਿਖੀ ਧਾਰਨ ਕਰਨੀ ਚਾਹੀਏ, ਕੇਸ ਕਛ ਆਦਿ ਚਿੰਨ੍ਹਾਂ ਨਾਲ ਕਿਹੜੀ ਸਿਖੀ ਬਣੀ ਹੈ ? ਪਰ ਐਸਾ ਕਹਿਣ ਨਾਲ ਉਹ ਮਨ ਤੋਂ ਸਿਖ ਨਹੀਂ ਬਣ ਜਾਂਦੇ, ਸਿਰਫ ਝੂਠਾ ਮਨ-ਪਰਚਾਵਾ ਹੀ ਕਰਦੇ ਹਨ। ਇਸ ਲਈ ਉਨ੍ਹਾਂ ਦੀ ਪ੍ਰਤੀਤ ਨਹੀਂ ਕੀਤੀ ਜਾ ਸਕਦੀ। ਗੁਰੂ ਕੀ ਦਸੀ ਰਹਿਤ ਬਹਿਤ ਅਤੇ ਦਸੇ ਹੁਕਮਾਂ ਤੇ ਚਲਣਾ ਹੀ ਸਹੀ ਅਰਥਾਂ ਵਿਚ ਸਿੱਖੀ ਹੈ।

ਹਿੰਦੂ ਧਰਮ ਬੁਧ ਧਰਮ ਤੇ ਜੈਨ ਧਰਮ ਵਾਂਗ ਸਿਖ ਧਰਮ ਨੂੰ ਭੀ ਨਿਗਲਣਾ ਚਾਹੁੰਦਾ ਹੈ। ਹਿੰਦ ਦੀ ਕਾਂਗਰਸ ਸਰਕਾਰ, ਜਿਸ ਵਿਚ ਬਹੁ-ਗਿਣਤੀ ਕਟੜ ਆਰੀਆ ਸਮਾਜੀਆਂ ਦੀ ਹੈ, ਘਟ-ਗਿਣਤੀ ਵਾਲੀਆਂ ਕੌਮਾਂ ਨੂੰ ਕੁਚਲ ਰਹੀ ਹੈ, ਮੁਖ ਕਰਕੇ ਸਿਖਾਂ ਨਾਲ ਧ੍ਰੋਹ ਕਮਾ ਰਹੀ ਹੈ, ਜਿਹਾ ਕਿ–

੧. ਸਿਖ ਜਰਾਇਮ-ਪੇਸ਼ਾ ਕੌਮ ਹੈ, ਇਸ ਲਈ ਪੁਲਿਸ ਇਨ੍ਹਾਂ ਦੀ ਨਿਗਰਾਨੀ ਕਰੇ।
੨. ਪੰਜਾਬੀ ਸੂਬੇ ਨੂੰ ਦੋ-ਭਾਸ਼ੀਆ ਬਨਾਉਣ ਦੀ ਚਾਲ ਚਲੀ। ਮਰਦੁਮ ਸ਼ੁਮਾਰੀ ਸਮੇਂ ਹਿੰਦੂਆਂ ਨੇ ਪੰਜਾਬ ਵਿਚ ਵਸਦੇ ਹੋਇਆਂ ਆਪਣੀ ਮਾਤਰੀ ਭਾਸ਼ਾ ਹਿੰਦੀ ਲਿਖਵਾਈ।
੩. ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਧਾਰਮਿਕ ਪੁਸਤਕਾਂ ਜਲਾ ਕੇ ਅਪਮਾਨ ਕੀਤਾ, ਪਰ ਸਰਕਾਰ ਦੇ ਕੰਨਾਂ ਤੇ ਜੂੰ ਨਹੀਂ ਸਰਕੀ।


www.AKJ.Org

੪. ਅੰਮ੍ਰਿਤ ਸਰੋਵਰਾਂ ਵਿਚ ਸਿਗਰਟਾਂ ਤੇ ਦੁਰਗੰਧ ਸੁਟਵਾ ਕੇ ਸਿਖਾਂ ਦੇ ਹਿਰਦਿਆਂ ਨੂੰ ਵਲੂੰਧਰਿਆ।

੫. ਹਵਾਈ ਸਫ਼ਰ ਸਮੇਂ ਅੰਮ੍ਰਿਤਧਾਰੀ ਸਿੰਘ ਸਿੰਘਣੀ ਦੀ ਬੇਇਜ਼ਤੀ ਕਰਨੀ ਅਤੇ ਸਿਖ ਧਰਮ ਦਾ ਮੁਖ ਕਕਾਰ ਕਿਰਪਾਨ ਤੇ ਪਾਬੰਦੀ ਦੀ ਸਖ਼ਤ ਪ੍ਰੀਤੁਤਾ ਕ਼ਰਨੀ ਸਿਖਾਂ ਨਾਲ ਭਾਰੀ ਧੱਕਾ ਕਰਨਾ ਹੈ।

੬. ਏਸ਼ੀਆਈ ਖੇਡਾਂ ਸਮੇਂ ਦਿਲੀ ਜਾਣ ਤੋਂ ਰੋਕਣਾ।

੭. ਗੁਰਮਤਿ ਮਰਯਾਦਾ ਵਿਚ ਰਲਾ ਪਾਉਣ ਲਈ ਨਿਰੰਕਾਰੀਆਂ, ਰਾਧਾ ਸੁਆਮੀਆਂ ਤੇ ਹੋਰ ਪਾਖੰਡੀ ਸਾਧਾਂ ਨੂੰ ਮਾਲੀ ਤੇ ਰਾਜਸੀ ਮਦਦ ਦੇਣੀ ਕੀ ਪਰਗਟ ਕਰਦਾ ਹੈ ?

੮. ਅੰਮ੍ਰਿਤਧਾਰੀ ਸਿੰਘਾਂ ਨੂੰ ਅਤਿਵਾਦੀ ਆਖ ਕੇ ਗੋਲੀਆਂ ਮਾਰਨੀਆਂ ਤੇ ਘਰ ਬਾਰ ਸਾੜ ਦੇਣੇ ਜ਼ੁਲਮ ਦੀ ਅਤਿ ਹੈ, ਨੌਕਰੀਆਂ ਵਿਚ ਸਿੰਘਾਂ ਨਾਲ ਵਿਤਕਰਾ ਹੈ। ਇਸੇ ਲਈ ਕੌਮ ਆਪਣੇ ਪੈਰਾਂ ਤੇ ਪੱਕੀ ਹੋਣ ਦੇ ਉਪਰਾਲੇ ਕਰ ਰਹੀ ਹੈ।

ਗੁਰੂ ਤੇਗ ਬਹਾਦਰ ਜੀ ਦਾ ਫ਼ੁਰਮਾਨ ਹੈ–"ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ॥...੧੬॥[੧੪੨੭

ਸਾਡਾ ਦੇਸ਼ ਵੀ ਤਦ ਹੀ ਤਰੱਕੀ ਕਰ ਸਕਦਾ ਹੈ ਜੇਕਰ ਸਭ ਆਦਮੀ ਆਪੋ ਆਪਣਾ ਧਾਰਮਿਕ ਜੀਵਨ ਅਜ਼ਾਦੀ ਨਾਲ ਜੀਉ ਸਕਣ। ਸਿਖ ਇਸ ਸਮੇਂ ਘਟ-ਗਿਣਤੀ ਵਾਲੀ ਕੌਮ, ਭਾਰਤ ਵਿਚ ਵਸਦੀ ਹੈ। ਮੁਸਲਮਾਨ, ਈਸਾਈ, ਪਾਰਸੀ ਆਦਿ ਭਾਰਤ ਵਿਚ ਪੈਦਾ ਹੋ ਕੇ ਖਾਸ ਰਿਆਇਤਾਂ ਦੇ ਅਧਿਕਾਰੀ ਹਨ ਤਾਂ ਸਿਖ ਕਿਉਂ ਨਹੀਂ ? ਧਾਰਮਿਕ ਤੇ ਸਮਾਜਿਕ ਨਿਯਮਾਂ ਅਨੁਸਾਰ ਅਸੀਂ ਇਕ ਨਹੀਂ ਹੋ ਸਕਦੇ। ਸਿਖ ਇਕ ਵਖਰੀ ਕੌਮ ਹੈ। ਇੰਗਲੈਂਡ ਸਰਕਾਰ ਨੂੰ ਵੀ ਇਸਦੇ ਕਾਇਲ ਹੋਣਾ ਪਿਆ ਹੈ। ਸਿਰ ਤੇ ਪਗ ਹੋਣ ਕਰਕੇ ਪ੍ਰਿੰਸੀਪਲ ਨੇ ਮੁੰਡੇ ਨੂੰ ਸਕੂਲ ਵਿਚ ਦਾਖਲਾ ਨਹੀਂ ਸੀ ਦਿੱਤਾ, ਪਰ ਗੁਰੂ ਸਾਹਿਬ ਦੇ ਮੁਖ ਉਪਦੇਸ਼ ਏਕਤਾ ਤੇ ਪ੍ਰਸਪਰ ਪ੍ਰੇਮ ਵਿਚ ਬਧੀ ਕੌਮ ਦਾ ਬੋਲਬਾਲਾ ਗੋਰੀ ਸਰਕਾਰ ਨੂੰ ਮੰਨਣਾ ਪਿਆ ਤੇ ਕਾਨੂੰਨ ਵਿਚ ਵੀ ਤਰਮੀਮ ਕਰਨੀ ਪਈ ਕਿ ਸਿਖ ਆਪਣੀ ਰਹਿਤ ਮਰਯਾਦਾ ਜੀਵਨ ਦੇ ਹਰ ਮੈਦਾਨ ਵਿਚ ਰਖ ਸਕਦਾ ਹੈ। ਸਿਖ ਰਹਿਣੀ ਵਚ ਦ੍ਰਿੜ੍ਹ ਰਹੇ ਤਾਂ "ਸਤਿਗੁਰੂ ਕੋਟਿ ਪੈਂਡਾ ਆਗੇ ਹੋਇ ਲੇਤ ਹੈ।"

---

# ਸਭ ਕੁਝ ਤੁਧ ਤੇ ਮੰਗਣਾ

(ਸੂਬੇਦਾਰ ਮੇਜਰ ਮੇਵਾ ਸਿੰਘ ਜੀ ਲਖਨਊ)

ਹੇ ਵਾਹਿਗੁਰੂ ਅਪਣਾ ਪਰਨਾ ਦੇਹ।
ਨਾਮ ਸਿਮਰਨ ਦਾ ਝਰਨਾ ਦੇਹ।
ਚਰਨ ਕਮਲ ਦੀ ਸਰਨਾ ਦੇਹ।
ਅਮਿਓ ਸਰੋਵਰ ਝਰਨਾ ਦੇਹ।
ਦੇਹੁ ਦਰਸ ਇਹ ਬਾਤ ਕਹਾਂ।
ਗੁਰੂ ਗੁਰੂ ਦਿਨ ਰਾਰ ਕਹਾਂ।
ਪਵਨ ਪਵਿਤ੍ਰ ਸਰਨਾ ਦੇਹ।
ਮੇਲ੍ਹ, ਵਿਛੋੜਾ ਪਰ ਨ ਦੇਹ।
ਚਰਨ ਸਰਨ ਵਿਚ ਖੜਨਾ ਦੇਹ।
ਸਚਖੰਡ ਦੀਦਾਰ ਕਰਨਾ ਦੇਹ।
ਦੇਹੁ ਦਰਸ ਇਹ ਬਾਤ ਕਹਾਂ।
ਗੁਰੂ ਗੁਰੂ ਦਿਨ ਰਾਤ ਕਹਾਂ।

ਕਿਰਤ ਧਰਮ ਦੀ ਕਰਨਾ ਦੇਹ।
ਕੁਕਰਮ ਬ੍ਰਿਤ ਦੀ ਜ਼ਰ ਨ ਦੇਹ।
ਸੁਫਲ ਕਮਾਈਆਂ ਕਰਨਾ ਦੇਹ।
ਗੁਰਸਿਖੀ ਕਹਿਣਾ ਕਰਨਾ ਦੇਹ।
ਦੇਹੁ ਦਰਸ ਇਹ ਬਾਤ ਕਹਾਂ।
ਗੁਰੂ ਗੁਰੂ ਦਿਨ ਰਾਤ ਕਹਾਂ।
ਧਰਮ ਯੁਧ ਦਾ ਲੜਨਾ ਦੇਹ।
ਧਰਮ ਦੀ ਖ਼ਾਤਰ ਮਰਨਾ ਦੇਹ।
ਇਸ ਲੇਖੇ ਅੰਦਰ ਪੜਨਾ ਦੇਹ।
ਭਾਣਾ ਅਪਣਾ ਜਰਨਾ ਦੇਹ।
ਦੇਹੁ ਦਰਦ ਇਹ ਬਾਤ ਕਹਾਂ।
ਗੁਰੂ ਗੁਰੂ ਦਿਨ ਰਾਤ ਕਹਾਂ।


www.AKJ.Org

# ਅਵਰ ਉਪਦੇਸੈ ਆਪਿ ਨ ਕਰੈ ॥ (ਗਉੜੀ ਸੁਖਮਨੀ

[ਸ: ਅਮਰਜੀਤ ਸਿੰਘ ਜੀ, ਸੋਇਲ ਵਿਭਾਗ, ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ]

ਅਨੇਕਾਂ ਪਿੰਡਾਂ ਵਿਚ ਜਾਣ ਆਉਣ ਦੇ ਅਵਸਰ ਮਿਲਦੇ ਹੀ ਰਹਿੰਦੇ ਹਨ। ਹਰ ਪਿੰਡ ਵਿਚ ਗੁਰਦਵਾਰਾ ਸਾਹਿਬ ਛੋਟਾ ਵੱਡਾ ਜ਼ਰੂਰ ਹੁੰਦਾ ਹੈ। ਪਰ ਜੇ ਉਹਨਾਂ ਦੀ ਰਹਿਤ ਮਰਯਾਦਾ ਵਲ ਝਾਤ ਮਾਰੀਏ ਤਾਂ ਮਨ ਬੜਾ ਦੁਖੀ ਹੁੰਦਾ ਹੈ। ਨਾ ਤਾਂ ਗ੍ਰੰਥੀ ਨੂੰ ਹੀ ਪਤਾ ਹੁੰਦਾ ਹੈ ਤੇ ਨਾ ਹੀ ਪਿੰਡ ਦੇ ਕਿਸੇ ਮੁਖੀ ਸਿੰਘ ਨੂੰ। ਸਵੇਰੇ ਅੰਮ੍ਰਿਤ ਵੇਲੇ ਦੀ ਇਕ ਝਾਕੀ ਦਾਸ ਨੇ ਆਪਣੀ ਅੱਖੀਂ ਡਿੱਠੀ।

ਗ੍ਰੰਥੀ ਸਵੇਰੇ (ਅੰਮ੍ਰਿਤ ਵੇਲੇ ਨਹੀਂ) ਪੰਜ ਛੇ ਦੇ ਦਰਮਿਆਨ ਮੰਜੇ ਤੋਂ ਉਬਾਸੀ ਭੰਨਦਾ ਹੈ। ਸਿਰ ਉਤੇ ਪਰਨਾ (ਕੇਸਕੀ ਨਹੀਂ) ਲਪੇਟ ਕੇ ਗੁਰਦਵਾਰਾ ਸਾਹਿਬ ਵਿਚ ਜਾ ਵੜਦਾ ਹੈ। ਉਥੇ ਪਹਿਲਾਂ ਹੀ ਸੁਖਮਨੀ ਸਾਹਿਬ,ਜਪੁਜੀ ਸਾਹਿਬ ਜਾਂ ਆਸਾ ਦੀ ਵਾਰ ਦੀਆਂ ਟੇਪਾਂ ਮੌਜੂਦ ਪਈਆਂ ਹੋਣਗੀਆਂ। ਇਹਨਾਂ ਵਿਚੋਂ ਕੋਈ ਇਕ ਟੇਪ ਲਾ ਕੇ ਗ੍ਰੰਥੀ ਉਬਾਸੀਆਂ ਲੈਂਦਾ ਹੀ ਬਾਹਰ ਆ ਜਾਂਦਾ ਹੈ। ਟੇਪ ਰਿਕਾਰਡ ਅੱਗੇ ਮਾਇਕਰੋਫ਼ੋਨ ਰੱਖ ਕੇ ਉਹ ਪੂਰੇ ਪਿੰਡ ਵਿਚ ਸੁਣਾਇਆ ਜਾਂਦਾ ਹੈ। ਫੇਰ ਗ੍ਰੰਥੀ ਸਿੰਘ ਦਾਤਣ ਮੂੰਹ ਵਿਚ ਪਾ ਕੇ ਗੁਰਦਵਾਰਾ ਸਾਹਿਬ ਜੀ ਦੀ ਹਦੂਦ ਅੰਦਰ ਹੀ ਥੂ ਥੂ ਕਰਦਾ ਰਹਿੰਦਾ ਹੈ। ਫਟਾ ਫਟ ਦਾਤਣ ਦੰਦਾਂ ਨਾਲ ਰਗੜ ਕੇ ਨਲਕੇ ਕੋਲ ਨਹਾਉਣ ਲਈ ਬਹਿ ਜਾਂਦਾ ਹੈ।

[ਇਸ ਨਹਾਉਣ ਨੂੰ ਅੰਮ੍ਰਿਤ ਵੇਲੇ ਕਾ ਇਸ਼ਨਾਨ ਨਹੀਂ ਕਿਹਾ ਜਾ ਸਕਦਾ। ਕਿਉਂਕਿ ਛੇ ਵਜੇ ਤੀਕਰ ਤਾਂ ਪਸ਼ੂ ਵੀ ਟੋਭਿਆਂ ਚੋਂ ਲੇਟਾ ਮਾਰ ਕੇ ਬਾਹਰ ਆ ਜਾਂਦੇ ਹਨ। ਗੁਰੂ ਸਾਹਿਬ ਫ਼ੁਰਮਾਉਂਦੇ ਹਨ :–

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥੨॥੧੧॥ (੩੦੫)

ਸੋ ਇਸ਼ਨਾਨ ਉਸੇ ਨੂੰ ਗਿਣਿਆ ਜਾਂਦਾ ਹੈ ਜਿਹੜਾ ਅੰਮ੍ਰਿਤ ਵੇਲੇ ਪ੍ਰਭਾਤੀ ਹੋ ਜਾਵੇ, ਤਾਹੀਓਂ ਸ੍ਰੀ ਅੰਮ੍ਰਿਤਸਰ ਦੇ ਨਹਾਉਣ ਦਾ ਫਲ ਪ੍ਰਾਪਤ ਹੁੰਦਾ ਹੈ। ਸੋ ਗੁਰਮਤਿ ਵਿਚ ਇਸ਼ਨਾਨ ਕਰਨ ਤੇ ਨਹਾਉਣ ਵਿਚ ਫਰਕ ਹੈ।]

ਏਨੇ ਨੂੰ ਗ੍ਰੰਥੀ ਜੀ ਦੇ ਤਿਆਰੇ ਕਰਦਿਆਂ ਨੂੰ ਰੀਲ੍ਹ ਦਾ ਇਕ ਪਾਸਾ ਖ਼ਤਮ ਹੋ ਲੈਂਦਾ ਹੈ। ਫੇਰ ? ਗ੍ਰੰਥੀ ਜੀ ਦੂਸਰਾ ਪਾਸਾ ਚੜ੍ਹਾ ਦਿੰਦੇ ਹਨ ਤੇ ਅਗਲਾ ਪਾਠ ਸ਼ੁਰੂ ਕਰ ਕੇ ਗ੍ਰੰਥੀ ਜੀ ਬਾਲਟੀ ਚੁੱਕਦੇ ਹਨ ਤੇ ਪਿੰਡ ਵਿਚੋਂ ਦੁੱਧ ਇਕੱਠਾ ਕਰਨ ਤੁਰ ਜਾਂਦੇ ਹਨ। ਆਉਂਦਿਆਂ ਨੂੰ ਉਹ ਰੀਲ੍ਹ ਪੂਰੀ ਹੋ ਲੈਂਦੀ ਹੈ ਤੇ ਇਤਨੇ ਨੂੰ ਪੰਜ ਸਤ ਮੱਥਾ ਟੇਕਣ ਵਾਲੇ ਸ਼ਰਧਾਲੂ ਵੀ ਆ ਜਾਂਦੇ ਹਨ। ਗ੍ਰੰਥੀ ਜੀ ਦਾ ਕੰਮ ਸਿਰਫ਼ ਦੋ ਜਾਂ ਤਿੰਨ ਮਿੰਟ ਖਲੋ ਕੇ ਅਰਦਾਸ ਤੇ ਹੁਕਮਨਾਮਾ ਲੈਣ ਦਾ ਹੀ ਰਹਿ ਜਾਂਦਾ ਹੈ। ਇਸ ਤਰ੍ਹਾਂ ਨਿੱਤ ਹੀ ਸਵੇਰ ਦੇ ਨਿੱਤਨੇਮ ਦੀ ਸਮਾਪਤੀ ਹੋ ਜਾਂਦੀ ਹੈ। ਪਿੰਡ ਦਾ ਕੋਈ ਮੁਖੀਆ ਇਹੋ ਜਿਹੇ ਵਿਹਲੜ ਗ੍ਰੰਥੀ ਨੂੰ ਟੋਕਦਾ ਨਹੀਂ। ਜਿਹੜਾ ਗ੍ਰੰਥੀ ਆਪ ਨਿੱਤਨੇਮ ਨਹੀਂ ਕਰਦਾ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਕੋਲ ਬੈਠ ਕੇ ਪਾਠ ਨਹੀਂ ਕਰਦਾ, ਉਹ ਦੂਸਰਿਆਂ ਨੂੰ ਪਾਠ ਕਰਾਉਣ ਜਾਂ ਸਿਖਾਉਣ ਲਈ ਕਿਥੋਂ ਵਿਹਲ ਕਢ ਸਕਦਾ ਹੈ ? ਸੋ ਸਾਧ ਸੰਗਤ ਜੀ ! ਇਹੋ ਜਿਹੇ ਸ਼ਨੀ ਗ੍ਰਹਿ ਨੂੰ ਪਿੰਡੋਂ ਬਾਹਰ ਹੀ ਰੱਖਣਾ ਠੀਕ ਹੈ। ਦੂਸਰਿਆਂ ਨੂੰ ਉਪਦੇਸ਼ ਦੇਣ ਵਾਲਾ ਜੇ ਆਪਣੇ ਕਹੇ ਤੇ ਆਪ ਦ੍ਰਿੜ੍ਹ ਨਹੀਂ ਤਾਂ ਉਹ ਪਾਖੰਡੀ ਹੀ ਕਿਹਾ ਜਾ ਸਕਦਾ ਹੈ।

---

**ਗੁਰਦਵਾਰਾ ਰਾਮਪੁਰਾ ਖੇੜਾ (ਹੁਸ਼ਿਆਰਪੁਰ) ਵਿਖੇ**
**ਜਪ ਤਪ ਨਾਮ-ਅਭਿਆਸ ਕਮਾਈ ਸਮਾਗਮ ੧੦ ਤੋਂ ੧੭ ਜੁਲਾਈ ਤਕ ਹੋਣਗੇ।**



www.AKJ.Org

# ਗੁਰਮੁਖ ਰੂਹਾਂ ਦੀ ਸਦੀਵੀ ਯਾਦ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਸਤਿਗੁਰਾਂ ਤੋਂ ਨਾਮ-ਅੰਮ੍ਰਿਤ ਦੀ ਪਾਰਸ-ਰਸਾਇਣੀ ਦਾਤ ਪ੍ਰਾਪਤ ਕਰਨ ਮਗਰੋਂ ਜੀਵਨ ਨਾਮ-ਬਾਣੀ ਦੀ ਅਤੁਟ ਘਾਲ ਕਮਾਈ ਕਰ ਕੇ, ਅਕਾਲ ਪੁਰਖ ਦੀ ਨਦਰ-ਕਰੰਮੀ ਰਹਿਮਤ ਪ੍ਰਾਪਤ ਕੀਤੀ ਅਤੇ ਹੋਰ ਗੁਰਸਿਖਾਂ ਵਿਚ ਖੰਡੇ ਦੀ ਪਾਹੁਲ, ਖਾਲਸਈ ਰਹਿਤ-ਬਹਿਤ, ਅੰਮ੍ਰਿਤ ਵੇਲੇ ਦੀ ਸੰਭਾਲ, ਨਾਮ ਸਿਮਰਨ ਅਖੰਡਪਾਠ ਅਤੇ ਅਖੰਡ ਕੀਰਤਨ ਲਈ ਉਤਸ਼ਾਹ ਪੈਦਾ ਕੀਤਾ । ਇਸ ਉਤਸ਼ਾਹ ਨੂੰ ਕਾਇਮ ਰਖਣਾ ਅਤੇ ਅਗੇ ਤੋਰਨਾ ਹੀ ਉਸ ਗੁਰਮੁਖ ਰੂਹ ਦੀ ਸਦੀਵੀ ਯਾਦ ਹੈ ਅਤੇ ਉਨ੍ਹਾਂ ਦੀ ਕਰਨੀ-ਕਮਾਈ ਪ੍ਰਤੀ ਸੱਚੀ ਸ਼ਰਧਾਂਜਲੀ ਹੈ ।

ਇਸ ਮਰਯਾਦਾ ਨੂੰ ਰਹਿੰਦੀ ਦੁਨੀਆ ਤਕ ਜਾਰੀ ਰਖਣ ਲਈ, ਅਖੰਡ ਕੀਰਤਨੀ ਜਥੇ ਵਲੋਂ ਜੋ ਕਦਮ ਉਠਾਏ ਗਏ ਹਨ, ਉਹ ਇਸ ਪ੍ਰਕਾਰ ਹਨ—

(੧) **ਭਾਈ ਸਾਹਿਬ ਰਣਧੀਰ ਸਿੰਘ ਜੀ ਸਕਾਲਰਸ਼ਿਪ ਸਕੀਮ**—ਇਸ ਸਕੀਮ ਦਾ ਮੁਖ ਮੰਤਵ ਅੰਮ੍ਰਿਤ ਛਕਣ, ਰਹਿਤ ਰਖਣ ਅਤੇ ਨਿਤਨੇਮ ਕਰਨ ਲਈ ਵਿਦਿਆਰਥੀ-ਬੱਚਿਆਂ ਵਿਚ ਉਤਸ਼ਾਹ ਪੈਦ ਕਰਨਾ ਹੈ ।

(੨) **ਕੀਰਤਨ-ਉਤਸ਼ਾਹਤ ਸਕੀਮ**—ਇਸ ਸਕੀਮ ਦਾ ਮੁਖ ਪ੍ਰਯੋਜਨ ੨੦ ਸਾਲ ਤੋਂ ਛੋਟੀ ਉਮਰ ਵਾਲੇ ਰਹਿਤਵਾਨ ਬੱਚਿਆਂ ਵਿਚ ਆਸਾ ਦੀ ਵਾਰ ਦਾ ਸ਼ਬਦ-ਛਕਿਆਂ ਸਮੇਤ ਕੰਠਾਗਰ ਬਾਣੀ ਤੋਂ ਕੀਰਤਨ ਕਰ ਸਕਣ ਦੀ ਯੋਗਤਾ ਲਈ ਉਤਸ਼ਾਹ ਪੈਦਾ ਕਰਨਾ ਹੈ ।

(੩) **ਪਾਠ-ਉਤਸ਼ਾਹਤ ਸਕੀਮ**—ਇਸ ਸਕੀਮ ਦਾ ਮੁਖ ਪ੍ਰਯੋਜਨ ੨੦ ਸਾਲ ਤੋਂ ਛੋਟੀ ਉਮਰ ਵਾਲੇ ਰਹਿਤਵਾਨ ਬੱਚਿਆਂ ਵਿਚ, ਲੜੀਦਾਰ ਸਰੂਪ ਤੋਂ ਅਖੰਡਪਾਠ ਕਰ ਸਕਣ ਦੀ ਯੋਗਤਾ ਲਈ ਉਤਸ਼ਾਹ ਪੈਦਾ ਕਰਨਾ ਹੈ ।

ਪਹਿਲੀ ਸਕੀਮ ਅਧੀਨ ਯੋਗ ਬੱਚਿਆਂ ਦੀ ਚੋਣ ਪਿਛਲੇ ਸਾਲ ਵਾਂਗ ਦੁਸਹਿਰਾ ਸਮਾਗਮ-ਦਿਲੀ ਵਿਖੇ ਕੀਤੀ ਜਾਂਦੀ ਹੈ । ਦੂਜੀ ਸਕੀਮ ਅਧੀਨ ਯੋਗ ਬੱਚਿਆਂ ਦੀ ਚੋਣ ਇਸ ਸਾਲ ਵਾਂਗ ਵੈਸਾਖੀ ਸਮਾਗਮ ਤੇ ਕੀਤੀ ਜਾਇਆ ਕਰੇਗੀ । ਤੀਜੀ ਸਕੀਮ ਦਾ ਵੇਰਵਾ 'ਸੂਰਾ' ਦੇ ਅਗਲੇ ਪਰਚੇ ਵਿਚ ਦਿਤਾ ਜਾਵੇਗਾ ।

ਇਸ ਸਾਲ ਦੇ ਵੈਸਾਖੀ ਸਮਾਗਮ ਤੇ ਕੁਝ ਅਣਚੇਤ ਮੁਸ਼ਕਲਾਂ ਦੇ ਕਾਰਨ ਕੀਰਤਨ-ਉਤਸ਼ਾਹਤ ਪ੍ਰੋਗਰਾਮ ਵਿਚ ਮੌਕੇ ਮੁਤਾਬਕ ਤਬਦੀਲੀ ਕਰਨੀ ਪੈ ਗਈ ਸੀ । ਇਸ ਸੰਬੰਧ ਵਿਚ ਸਨਮਾਨਤ ਕੀਤੇ ਗਏ ਬੱਚਿਆਂ ਦੇ ਨਾਮ ਇਸ ਪਰਕਾਰ ਹਨ :

੧. ਕਾਕਾ ਪ੍ਰੀਤਮ ਸਿੰਘ ਜਲੰਧਰ । ੨. ਕਾਕਾ ਮਨਮੋਹਨ ਸਿੰਘ ਜਲੰਧਰ । ੩. ਬੀਬੀ ਰੁਪਿੰਦਰ ਕੌਰ ਜਲੰਧਰ । ੪. ਬੀਬੀ ਗੁਲਵਿੰਦਰ ਕੌਰ ਜੰਮੂ । ੫. ਬੀਬੀ ਚਰਨਜੀਤ ਕੌਰ ਸਹਾਰਨਪੁਰ । ੬. ਬੀਬੀ ਗੁਰਦੀਪ ਕੌਰ ਲੁਧਿਆਣਾ । ੭. ਕਾਕਾ ਕਮਲਦੀਪ ਸਿੰਘ ਚੰਡੀਗੜ੍ਹ । ੮. ਬੀਬੀ ਲਖਵਿੰਦਰ ਕੌਰ ਹਦਾਇਤਪੁਰ । ੯. ਬੀਬੀ ਗੁਰਮਿਹਰ ਕੌਰ ਲੁਧਿਆਣਾ । ੧੦. ਕਾਕਾ ਓਅੰਕਾਰ ਬਖਸ਼ ਸਿੰਘ ਲੁਧਿਆਣਾ । ੧੧, ਬੀਬੀ ਕੁਲਦੀਪ ਕੌਰ ਅੰਮ੍ਰਿਤਸਰ ।

ਉਪਰੋਕਤ ਸਕੀਮਾਂ ਦੀ ਚੜ੍ਹਦੀ ਕਲਾ ਵਿਚ ਪੂਰਤੀ ਲਈ ਸਰਬੱਤ ਸੰਗਤਾਂ ਦੇ ਹਾਰਦਿਕ ਸਹਿਯੋਗ ਦੀ ਲੋੜ ਹੈ । ਸਰਬੱਤ ਖਾਲਸਾ ਸਾਧ ਸੰਗਤ ਦੇ ਚਰਨਾਂ ਵਿਚ ਸਨਿਮਰ ਜੋਦੜੀ ਹੈ ਕਿ ਇਸ ਕਾਰਜ ਦੀ ਸਫਲਤਾ ਲਈ ਸਤਿਗੁਰਾਂ ਦੇ ਚਰਨਾਂ ਵਿਚ ਨਿਰੰਤਰ ਅਰਦਾਸ ਕਰਦੇ ਰਹੋ ਜੀ ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ), ਸ੍ਰੀ ਅੰਮ੍ਰਿਤਸਰ


www.AKJ.Org

# ਪੰਥਕ ਖ਼ਬਰਾਂ

## *ਅਪੋਜ਼ੀਸ਼ਨ ਲੀਡਰਾਂ ਦੀ ਮੰਗ :–*

### ਮਲੇਰਕੋਟਲਾ ਪੁਲਸ-ਫ਼ਾਇਰਿੰਗ ਦੀ ਅਦਾਲਤੀ ਜਾਂਚ ਕਰਾਈ ਜਾਵੇ

ਚੰਡੀਗੜ੍ਹ, ੯ ਅਪਰੈਲ—(ਪੀ. ਟੀ. ਆਈ.) ੫ ਅਪੋਜ਼ੀਸ਼ਨ ਲੀਡਰਾਂ ਸ੍ਰੀ ਵਾਜਪਾਈ (ਭਾਜਪਾ); ਕਾ: ਝਾਅ (ਸੀ. ਪੀ. ਆਈ.), ਕਾ: ਸੁਰਜੀਤ (ਮਾਰਕਸੀ), ਸ੍ਰੀ ਹਰਕੇਸ਼ ਬਹਾਦਰ (ਡੀ. ਐਸ. ਪੀ.), ਸਰੀਫ-ਉਲ-ਦੀਨ (ਮਾਰਕਸੀ) ਨੇ ਮਲੇਰਕੋਟਲਾ ਤੇ ਕੁਪ ਕਲਾਂ ਵਿਚ ਪੁਲਸ ਫ਼ਾਇਰਿੰਗ ਦਾ ਜਾਇਜ਼ਾ ਲੈਣ ਦੇ ਬਾਅਦ ਮੰਗ ਕੀਤੀ ਕਿ ਇਹਨਾਂ ਘਟਨਾਵਾਂ ਦੀ ਅਦਾਲਤੀ ਜਾਂਚ ਕਰਾਈ ਜਾਏ। ਉਨ੍ਹਾਂ ਨੇ ਕਿਹਾ ਕਿ ਅਸਲ ਵਿਚ ਫ਼ਾਇਰਿੰਗ ਦੀ ਲੋੜ ਹੀ ਨਹੀਂ ਸੀ ਤੇ ਇਹ ਗ਼ੈਰ ਜ਼ਰੂਰੀ ਸੀ।

ਸ੍ਰੀ ਵਾਜਪਾਈ ਨੇ ਕਿਹਾ ਕਿ ਉਹ ਲੋਕ ਸਭਾ ਵਿਚ ਗ੍ਰਹਿ ਮੰਤ੍ਰੀ ਸ੍ਰੀ ਸੇਠੀ ਵਿਰੁਧ ਸੋਮਵਾਰ ਨੂੰ ਮਰਯਾਦਾ ਮਤਾ ਰਖਣਗੇ, ਕਿਉਂਕਿ ਸ੍ਰੀ ਸੇਠੀ ਨੇ ਗ਼ਲਤ-ਬਿਆਨੀ ਕੀਤੀ ਕਿ ਮਲੇਰ ਕੋਟਲਾ ਤੇ ਕੁਪ ਕਲਾਂ ਵਿਚ ਭਗਦੜ ਕਾਰਨ ਮੌਤਾਂ ਹੋਈਆਂ, ਜਦ ਕਿ ਉਹਨਾਂ ਨੇ ਦੇਖਿਆ ਕਿ ਪੁਲਸ ਨੇ ਅੰਧਾ ਧੁੰਦ ਫ਼ਾਇਰਿੰਗ ਕੀਤੀ। ਇਹਨਾਂ ਲੀਡਰਾਂ ਨੇ ਕਿਹਾ ਕਿ ਉਹਨਾਂ ਨੇ ਜੋ ਕੁਝ ਵੇਖਿਆ, ਉਸ ਨੂੰ ਵੇਖ ਕੇ ਉਹਨਾਂ ਨੂੰ ਬਹੁਤ ਦੁਖ ਹੋਇਆ ਹੈ।... ... ਉਹਨਾਂ ਨੇ ਦਸਿਆ ਕਿ ਕੁਪ ਕਲਾਂ ਦੇ ਸਰਪੰਚ ਨੂੰ ਬੂਹਾ ਤੋੜ ਕੇ ਘਰ ਵਿਚ ਹੀ ਹੱਥ ਬੰਨ੍ਹ ਕੇ ਉਸ ਨੂੰ ਮਾਰ ਕੁਟਾਈ ਕੀਤੀ ਗਈ। ਉਹਨਾਂ ਲੀਡਰਾਂ ਨੇ ਕਿਹਾ ਕਿ ਉਹਨਾਂ ਨੂੰ ਸਾਬਕ ਪੁਲਸ ਚੀਫ ਸ: ਫਲੂਕਾ ਨੇ ਦਸਿਆ ਕਿ ਪੁਲਸ ਨੇ ਚੌਕੀ, ਜੀਪਾਂ ਤੇ ਟਰੈਕਟਰ ਆਪ ਸਾੜੇ, ਤਾਂ ਜੁ ਆਪਣੀਆਂ ਜ਼ਿਆਦਤੀਆਂ ਤੇ ਪਰਦਾ ਪਾ ਲਿਆ ਜਾਏ। ਇਕ ੯ ਸਾਲਾ ਬੱਚੇ ਨੂੰ ਵੀ ਗੋਲੀ ਲਗੀ। ੨੩ ਆਦਮੀਆਂ ਨੂੰ ਗੋਲੀਆਂ ਲਗੀਆਂ। ਇਕ ਸਵਾਲ ਦੇ ਉਤਰ ਵਿਚ ਉਹਨਾਂ ਕਿਹਾ ਕਿ ਕੁਪ ਕਲਾਂ ਤੇ ਮਲੇਰਕੋਟਲਾ ਵਿਚ ਜੋ ਪੁਲਸ ਜ਼ੁਲਮ ਹੋਏ ਹਨ, ਉਸਦੀ ਮਿਸਾਲ ਨਹੀਂ ਮਿਲਦੀ। ਅਜਿਹੀ ਕੋਈ ਭੜਕਾਹਟ ਨਹੀਂ ਸੀ ਕਿ ਪੁਲਸ ਨੂੰ ਗੋਲੀ ਚਲਾਣੀ ਪੈਂਦੀ, ਸੜਕਾਂ, ਖੇਤਾਂ ਵਿਚ ਅਜੇ ਵੀ ਖ਼ੂਨ ਦੇ ਨਿਸ਼ਾਨ ਹਨ। ਟਰੈਕਟਰ ਟਰਾਲੀਆਂ ਟਰੱਕਾਂ ਦੁਕਾਨਾਂ ਸਾੜੀਆਂ ਪਈਆਂ ਹਨ ਅਤੇ ਮਕਾਨਾਂ ਤੇ ਗੋਲੀਆਂ ਦੇ ਨਿਸ਼ਾਨ ਹਨ। ਕੀ ਲੋਕਾਂ ਨੇ ਆਪਣੇ ਟਰੈਕਟਰ ਆਪ ਹੀ ਸਾੜੇ ਤੇ ਆਪ ਹੀ ਮਕਾਨਾਂ ਤੇ ਗੋਲੀਆਂ ਚਲਾਈਆਂ? ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਫ਼ਾਇਰਿੰਗ ਬਾਰੇ ਕੇਂਦਰ ਨੂੰ ਗੁਮਰਾਹ ਕੀਤਾ। ਉਹਨਾਂ ਹੋਰ ਕਿਹਾ ਕਿ ਉਹਨਾਂ ਨੇ ਕਿਸੇ ਪੁਲਸ ਵਾਲੇ ਨੂੰ ਜ਼ਖ਼ਮੀ ਹਾਲਤ ਵਿਚ ਨਹੀਂ ਵੇਖਿਆ।

**ਲੁਧਿਆਣਾ**—ਸਾਡੇ ਪੱਤਰ ਪਰੇਰਕ ਸ: ਕਰਮ ਸਿੰਘ ਮੁਸਾਫ਼ਰ ਦੀ ਸੂਚਨਾ ਅਨੁਸਾਰ ੪ ਅਪਰੈਲ ਨੂੰ "**ਰਸਤਾ ਰੋਕੋ**" ਅੰਦੋਲਨ ਦੌਰਾਨ ਹੋਈਆਂ ਪੁਲਸ-ਵਧੀਕੀਆਂ ਦਾ ਜਾਇਜ਼ਾ ਲੈਣ ਲਈ ਅਜ ਅਪੋਜ਼ੀਸ਼ਨ ਪਾਰਟੀਆਂ ਦੇ ਇਕ ਪੰਜ-ਮੈਂਬਰੀ ਪਾਰਲੀਮੈਂਟਰੀ ਵਫ਼ਦ ਨੇ ਮਲੇਰਕੋਟਲਾ ਅਤੇ ਕੁਪ-ਕਲਾਂ ਦਾ ਦੌਰਾ ਕੀਤਾ।......

—ਅਜੀਤ ੧੦-੪-੮੩

## *ਪੰਜਾਬ ਚਿ ਖ਼ੂਨ ਦੀ ਹੋਲੀ*—[ਵਲੋਂ ਸ: ਹਰਦੇਵ ਸਿੰਘ 'ਗਲਵੱਟੀ' ਨਾਭਾ]

ਬੇਸ਼ੱਕ ਮੈਂ ਇਕ ਕਾਂਗਰਸੀ ਹਾਂ ਤੇ ਕਾਂਗਰਸੀ ਦੇਸ਼ ਭਗਤ, ਬਾਬਾ ਕਿਸ਼ਨ ਸਿੰਘ 'ਸੁਤੰਤਰਤਾ ਸੰਗਰਾਮੀ' ਦਾ ਪੁਤਰ ਹਾਂ, ਜਿਨ੍ਹਾਂ ਨੂੰ ਰਾਸ਼ਟਰ ਵਲੋਂ 'ਤਾਮਰ ਪੱਤਰ' ਤੇ ੨੦੦/—ਰੁਪੈ ਮਾਹਵਾਰ ਪੈਨਸ਼ਨ ਦੇ ਕੇ ਸਨਮਾਨਤ ਕੀਤਾ ਗਿਆ ਸੀ। ਉਨ੍ਹਾਂ ਦੀ ਲਾਈਫ਼ ਹਿਸਟਰੀ ਵੀ ਗਿਆਨੀ ਜ਼ੈਲ ਸਿੰਘ ਦੀ ਪੰਜਾਬ ਸਰਕਾਰ ਨੇ ਇਕ ਪੁਸਤਕ ਦੇ ਰੂਪ ਵਿਚ ਰਲੀਜ਼ ਕੀਤੀ ਸੀ, ਜਿਹੜੇ ਕਿ ਢਿੰਗੀ ਮੰਡਲ, ਤਹਿਸੀਲ ਨਾਭਾ ਦੇ ਇਕ ਕਾਂਗਰਸ ਦੇ ਪ੍ਰਧਾਨ ਸਨ, ਪਰ ਜੇ ਸੱਚ ਨੂੰ ਸੱਚ ਕਹਿਣ ਤੇ ਮੇਰੀ ਕਾਂਗਰਸ-ਸ਼ਿਪ ਖ਼ਤਮ ਹੁੰਦੀ ਹੈ ਤਾਂ ਬੇਸ਼ੱਕ ਹੋ ਜਾਵੇ। ਉਸ ਕਾਂਗਰਸੀ ਪਿਉ ਦਾ ਪੁਤਰ ਕਹਾਉਣ ਵਿਚ ਹੀ ਫ਼ਖਰ ਮਹਿਸੂਸ ਕਰਦਾ ਹਾਂ, ਜਿਸ ਨੇ ਅਜ਼ਾਦੀ ਦੀ



www.AKJ.Org

ਖ਼ਾਤਰ ਅੰਗਰੇਜ਼ ਦੀਆਂ ਬੈਂਤਾਂ ਖਾਧੀਆਂ। ਜੇਲ੍ਹ ਦੀਆਂ ਬੰਦ ਸੀਖਾਂ ਪਿਛੇ ਜਵਾਨੀ ਬਰਬਾਦ ਕਰ ਦਿਤੀ।

੪ ਅਪਰੈਲ ੧੯੮੩ ਨੂੰ ਪੁਲੀਸ ਅਤੇ ਦਿੱਲੀ ਤੋਂ ਆਈ ਸੀ.ਆਰ.ਪੀ. ਨੇ ਪੰਜਾਬ ਦੀ ਧਰਤੀ ਉਤੇ ਖ਼ੂਨ ਦੀ ਹੋਲੀ ਦਾ ਇਕ ਨੰਗਾ ਨਾਚ ਨੱਚਕੇ ਡਾਇਰ ਦੀ ਰੂਹ ਨੂੰ ਵੀ ਸ਼ਰਮਾ ਦਿਤਾ। ਇਸ ਵਿਚ ਕੋਈ ਇੱਕਾ ਦੁੱਕਾ ਨਹੀਂ, ਸਗੋਂ ਦੋ ਦਰਜਨ ਤੋਂ ਵਧ ਨਿਰਦੋਸ਼ ਜਿੰਦਾਂ ਨੂੰ ਗੋਲੀਆਂ ਨਾਲ ਪਲਾਂ ਵਿਚ ਹੀ ਭੁੰਨ ਦਿਤਾ। ਇਸ ਵਿਚ ਕਈ ਮਾਸੂਮ ਜਿੰਦਾਂ ਤੋਂ ਇਲਾਵਾ ਅਬਲਾ ਇਸਤ੍ਰੀਆਂ, ਬਜ਼ੁਰਗ, ਮਾਸੂਮ ਬੱਚੇ ਤੇ ਜਵਾਨ ਸਨ। ਅੱਜ ਵੀ ਬਹੁਤ ਸਾਰੇ ਇਨ੍ਹਾਂ ਗੋਲੀਆਂ ਦਾ ਸ਼ਿਕਾਰ ਹੋਏ ਹੋਏ,ਹਸਪਤਾਲਾਂ ਵਿਚ ਤੜਪ ਰਹੇ ਹਨ। ਇਹਨਾਂ ਦੀਆਂ ਜਿੰਦੜੀਆਂ ਨਰਕ ਬਣਾ ਕੇ ਰੱਖ ਦਿੱਤੀਆਂ ਗਈਆਂ ਹਨ। ਪੰਜਾਬ ਦੀ ਹਰਿਆਵਲੀ ਧਰਤੀ ਅੱਜ ਪੰਜਾਬੀਆਂ ਦੀ ਰੱਤ ਨਾਲ ਲਾਲੋ ਲਾਲ ਹੋਈ ਪਈ ਹੈ। ਮਲੇਰਕੋਟਲੇ ਵਿਚ ਤੇ ਕੁੱਪ ਕਲਾਂ ਦੇ ਟੋਟੇ ਉਤੇ ਜੋ ਹਨੇਰੀ ਦੇ ਝੱਖੜ ਝੁੱਲੇ, ਉਹ ਕਦੇ ਭੁਲਾਏ ਨਹੀਂ ਜਾ ਸਕਦੇ। ਇਕ ਹੈਂਡ-ਪੰਪ ਤੋਂ ਪਾਣੀ ਭਰਦੀ ਇਸਤ੍ਰੀ ਨੂੰ ਗੋਲੀ ਨਾਲ ਉਡਾ ਦਿਤਾ। ਇਕ ਮਾਸੂਮ ਬੱਚੇ ਨੂੰ ਕੋਠੇ ਪਰ ਖੇਡਦੇ ਨੂੰ ਤਿੱਤਰ-ਬਟੇਰੇ ਵਾਂਗ ਭੁੰਨ ਦਿਤਾ। ਕਿਸਾਨਾਂ ਦੇ ਟਰੈਕਟਰਾਂ ਨੂੰ ਸੀ.ਆਰ.ਪੀ. ਨੇ ਅੱਗ ਲਾ ਕੇ ਖ਼ੂਨ ਦੀ ਹੋਲੀ ਖੇਡੀ। ਬੱਬਰ ਸ਼ੇਰਾਂ ਦੇ ਸੁਤੇ ਪਏ ਬੱਚਿਆਂ ਤੇ ਹਮਲਾ ਕਰ ਕੇ, ਗਿੱਦੜ ਹੀ ਸ਼ੇਰ ਬਣ ਬੈਠੇ। ਪਟਿਆਲੇ ਵਿਚ ਜੋ ਦ੍ਰਿਸ਼ ਸੀ,ਉਹ ਮੈਂ ਆਪਣੀ ਅੱਖੀਂ ਦੇਖਿਆ। ਉਥੇ ਕੋਈ ਝਗੜਾ ਨਹੀਂ ਸੀ। ਕੋਈ ਸੌ ਕੁ ਦੇ ਕਰੀਬ ਸਿੰਘ ਸਰਹੰਦ ਰੋਡ ਤੇ ਬੈਠੇ ਪਾਠ ਕਰ ਰਹੇ ਸਨ। ਕੋਈ ਦਸ ਕੁ ਵਜੇ ਪਟਿਆਲੇ ਦੇ ਇਕ ਅਫ਼ਸਰ ਦੀ ਮਿਸਿਜ਼ ਕਾਰ ਲੈ ਕੇ ਆਈ। ਸਤਿਆ-ਗ੍ਰਹੀਆਂ ਨੇ 'ਬੋਲੇ ਸੋ ਨਿਹਾਲ', 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਛਡਿਆ। ਉਹ ਆਪਣੀ ਕਾਰ ਬੈਕ ਕਰਕੇ ਦੂਜੇ ਪਾਸਿਓਂ ਚਲੀ ਗਈ। ਉਸ ਨੂੰ ਕੋਈ ਮੰਦਾ ਸ਼ਬਦ ਨਹੀਂ ਬੋਲਿਆ। ਕੋਈ ਸਾਢੇ ਦਸ ਵਜੇ ਦੇ ਕਰੀਬ ਅਫ਼ਸਰ ਨੇ ਆਉਂਦੇ ਸਾਰ ਹੀ ਪਟਿਆਲੇ ਦੇ ਅਮਨ ਨੂੰ ਅੱਗ ਲਾ ਦਿਤੀ। ਗੋਲੀਆਂ ਦਾ ਮੀਂਹ ਵਰ੍ਹਾ ਦਿਤਾ। ਟੀਅਰ ਗੈਸ ਦੇ ਗੋਲੇ ਸੁਟੇ ਗਏ। ਗੁਰਦੁਆਰਾ ਸਾਹਿਬ ਦੇ ਅੰਦਰ ਵੀ ਗੋਲੀਆਂ ਮਾਰਨ ਤੋਂ ਸੰਕੋਚ ਨਾ ਕੀਤੀ। ਉਥੋਂ ਦੀਆਂ ਕੰਧਾਂ ਇਸ ਜ਼ੁਲਮ ਦੀ ਸ਼ਾਹਦੀ ਭਰਦੀਆਂ ਹਨ। ਇਕ ਨਿਰਦੋਸ਼ ਜਿੰਦ ਭਾਈ ਸੁਰਿੰਦਰ ਸਿੰਘ ਗਰੰਥੀ ਦੇ ਸੀਨੇ ਵਿਚ ਅਜਿਹੀ ਸ਼ਿਸ਼ਤ ਬੰਨ੍ਹ ਕੇ ਗੋਲੀ ਮਾਰੀ ਕਿ ਉਹ ਪਲਾਂ ਵਿਚ ਖ਼ਾਕ ਦੀ ਢੇਰੀ ਬਣ ਗਏ। ਉਲਟਾ ਇਹ ਦੋਸ਼ ਲਾਇਆ ਗਿਆ ਕਿ ਗੁਰਦੁਆਰੇ ਵਿਚੋਂ ਪੁਲੀਸ ਤੇ ਗੋਲੀ ਚਲਾਈ ਗਈ। ਇਹ ਸਾਬਤ ਹੋ ਚੁਕਾ ਹੈ ਕਿ ਅੱਜ ਤੋਂ ਥੋਹੜਾ ਚਿਰ ਪਹਿਲਾਂ ਹੀ ਪਟਿਆਲੇ ਦੇ ਅਰਨਾ-ਬਰਨਾ ਚੌਕ ਵਿਚ ਪੁਲਸ ਨੇ ਕਿਵੇਂ ਲੋਕਾਂ ਦੇ ਘਰਾਂ ਵਿਚ ਵੜ ਕੇ, ਨਕਦੀ ਸੋਨਾ ਤੇ ਸਾਮਾਨ ਲੁਟਿਆ ਸੀ, ਪਰ ਸ: ਦਰਬਾਰਾ ਸਿੰਘ ਨਹੀਂ ਮੰਨ ਰਹੇ। ਜਦ ਕਾਂਗਰਸੀਆਂ ਨੇ ਰੌਲਾ ਪਾਇਆ, ਫੇਰ ਇਹਨਾਂ ਦੀ ਕਰਤੂਤ ਨੰਗੀ ਹੋਈ। ਇਕ ਸਚਾਈ—ਸਿਖਾਂ ਦੀਆਂ ਗੋਲੀਆਂ ਨਾਲ ਤਾਂ ਇਕ ਵੀ ਬੰਦਾ ਮਾਰਿਆ ਸਾਬਤ ਨਹੀਂ ਹੁੰਦਾ, ਦੂਜੇ ਪਾਸੇ ਇਨ੍ਹਾਂ ਨੇ ਦਰਜਨਾਂ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿਤਾ।

—ਅਜੀਤ ੨੭-੪-੮੩

## ਕੇਂਦਰ-ਦਲ ਵਾਰਤਾ ਦੀਆਂ ਗੱਲਾਂ ਮੋਰਚੇ ਨੂੰ ਕਮਜ਼ੋਰ ਕਰਨ ਲਈ—

ਅੰਮ੍ਰਿਤਸਰ, ੨੪ ਅਪਰੈਲ—(ਪੀ.ਟੀ.ਆਈ; ਯੂ.ਐਨ.ਆਈ.) ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਿਦਕ-ਦਿਲੀ ਤੋਂ ਬਿਨਾਂ ਪੰਜਾਬ-ਮਸਲੇ ਬਾਰੇ ਗੱਲਬਾਤ ਦਾ ਕੋਈ ਲਾਭ ਨਹੀਂ ਹੋਵੇਗਾ।

ਅੱਜ ਸ਼ਾਮ ਇਥੇ ਗੁਰਦਵਾਰਾ ਮੰਜੀ ਸਾਹਿਬ ਵਿਖੇ ਸਾਂਝੇ ਦੀਵਾਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਇਹ ਖ਼ਬਰਾਂ ਅਤੇ ਸੁਝਾਅ, ਕਿ ਦੂਤ ਵਿਚੋਲੇ ਨਿਯੁਕਤ ਕੀਤੇ ਜਾ ਰਹੇ ਹਨ, ਕੇਵਲ ਮੋਰਚੇ ਨੂੰ ਕਮਜ਼ੋਰ ਕਰਨ ਦੇ ਉਦੇਸ਼ ਲਈ ਹਨ। ਉਨ੍ਹਾਂ ਨੇ ਸਪਸ਼ਟ ਐਲਾਨ ਕੀਤਾ ਕਿ ਕੇਂਦਰ ਅਤੇ ਅਕਾਲੀ ਦਲ ਵਿਚਕਾਰ ਛੇਤੀ ਵਾਰਤਾ ਹੋਣ ਦੀਆਂ ਖ਼ਬਰਾਂ ਬਿਲਕੁਲ ਨਿਰਾਧਾਰ ਹਨ। ਅਕਾਲੀ ਦਲ ਕਦੇ ਵੀ ਆਪਣੀਆਂ ਮੰਗਾਂ ਬਾਰੇ ਸੌਦੇਬਾਜ਼ੀ ਨਹੀਂ ਕਰੇਗਾ। ਮੰਗਾਂ ਪਰਵਾਨ ਹੋਣ ਤੋਂ ਪਹਿਲਾਂ ਮੋਰਚਾ ਕਿਸੇ ਕੀਮਤ ਵਾਪਸ ਨਹੀਂ



www.AKJ.Org

ਲਿਆ ਜਾਵੇਗਾ। ਕੇਂਦਰ ਨਾਲ ਗੱਲ-ਬਾਤ ਦਾ ਸਮਾਂ ਖ਼ਤਮ ਹੋ ਗਿਆ ਹੈ। ਸਰਕਾਵ ਨੂੰ ਬਿਨਾਂ ਦੇਰੀ ਆਪਣੇ ਫ਼ੈਸਲੇ ਦਾ ਐਲਾਨ ਕਰਨਾ ਚਾਹੀਦਾ ਹੈ। —ਅਜੀਤ ੨੫-੪-੮੩

## ਦਰਬਾਰ ਸਾਹਿਬ ਵਿਚ ਹਥਿਆਰ ਲਿਜਾਣ ਦੀ ਮਨਾਹੀ ਬਾਰੇ ਜਥੇਦਾਰ ਅਕਾਲ ਤਖ਼ਤ ਸਾਹਿਬ ਦਾ ਲਿਖਤੀ ਬਿਆਨ—

ਅੰਮ੍ਰਿਤਸਰ, ੨੫ ਅਪਰੈਲ (ਯੂ. ਐਨ. ਆਈ), ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਹਨਾਂ ਨੇ ਦਰਬਾਰ ਸਾਹਿਬ ਦੇ ਅਹਾਤੇ ਵਿਚ ਹਥਿਆਰ ਲੈ ਕੇ ਚਲਣ ਦੀ ਪਾਬੰਦੀ ਲਾਈ ਹੈ। ਇਕ ਲਿਖਤੀ ਬਿਆਨ ਵਿਚ ਉਨ੍ਹਾਂ ਕਿਹਾ ਕਿ ਇਹ ਖ਼ਬਰਾਂ ਗ਼ਲਤ ਤੇ ਨਿਰਾਧਾਰ ਹਨ। ਇਹ ਖ਼ਬਰਾਂ ਸਿਖ-ਵਿਰੋਧੀ ਸ਼ਕਤੀਆਂ ਵਲੋਂ ਫੈਲਾਈਆਂ ਜਾ ਰਹੀਆਂ ਹਨ, ਜਿਸ ਦਾ ਮੰਤਵ ਸਿਖ ਸੰਗਤਾਂ ਨੂੰ ਭੁਲੇਖਾ ਪੈਦਾ ਕਰਨਾ ਹੈ। —ਅਜੀਤ ੨੬-੪-੮੩

ਨੋਟ—ਜਥੇਦਾਰ ਸਾਹਿਬ ਨੂੰ ਉਪਰੋਕਤ ਬਿਆਨ ਇਸ ਕਰਕੇ ਦੇਣ ਦੀ ਲੋੜ ਪਈ, ਕਿਉਂ ਕਿ ਕਿਸੇ ਸ਼ਰਾਰਤੀ ਨੇ ਕੁਝ ਅਖਬਾਰਾਂ ਵਿਚ ਇਹ ਖਬਰ ਛਪਵਾ ਦਿਤੀ ਕਿ ਜਥੇਦਾਰ ਸਾਹਿਬ ਨੇ ਅੰਦਰ ਹਥਿਆਰ ਲਿਜਾਣ ਦੀ ਮਨਾਹੀ ਦੇ ਹੁਕਮ ਜਾਰੀ ਕਰ ਦਿਤੇ ਹਨ। ਆਲ ਇੰਡੀਆ ਰੇਡੀਓ ਤੋਂ ਵੀ ਇਸ ਖ਼ਬਰ ਨੂੰ ਖੂਬ ਉਛਾਲਿਆ ਗਿਆ।

## ਸ: ਅਟਵਾਲ ਡੀ. ਆਈ. ਜੀ, ਦਾ ਕਤਲ ਸ਼ਰਾਰਤੀ ਅਨਸਰ ਦਾ ਕੰਮ

ਅਖੰਡ ਕੀਰਤਨੀ ਜਥੇ ਦਾ ਨਿਸਚਾ ਹੈ ਕਿ ਸ: ਅਵਤਾਰ ਸਿੰਘ ਅਟਵਾਲ ਦਾ ਦਰਬਾਰ ਸਾਹਿਬ ਦੇ ਦਰਸ਼ਨਾਂ ਮਗਰੋਂ, ਦਰਬਾਰ ਸਾਹਿਬ ਦੇ ਬਾਹਰ ਕੀਤਾ ਕਤਲ ਸ਼ਰਾਰਤੀ ਅਨਸਰ ਦਾ ਕੰਮ ਹੈ, ਇਹ ਕਿਸੇ ਗੁਰਸਿਖ ਦਾ ਕੰਮ ਨਹੀਂ ਹੋ ਸਕਦਾ। ਅਖੰਡ ਕੀਰਤਨੀ ਜਥਾ ਇਸ ਦੁਰਘਟਨਾ ਦੀ ਸਖ਼ਤ ਨਿਖੇਧੀ ਕਰਦਾ ਹੈ।

ਸੰਗਤਾਂ ਦਾ ਦਾਸ—ਰਾਮ ਸਿੰਘ ਜਥੇਦਾਰ ਅਖੰਡ ਕੀਰਤਨੀ ਜਥਾ (ਕੇਂਦਰੀ ਦਫ਼ਤਰ) ਸ੍ਰੀ ਅੰਮ੍ਰਿਤਸਰ

---

## ਨਾਮ-ਬਾਣੀ ਦੀ ਸਾਧਨਾ ਦੁਆਰਾ ਅਰੋਗਤਾ

ਇੰਟਰਨੈਸ਼ਨਲ ਗੁਰਬਾਣੀ ਥੈਰੈਪੀ ਟ੍ਰਸਟ ਅੰਮ੍ਰਿਤਸਰ ਵਲੋਂ ਸ੍ਰੀ ਗੋਇੰਦਵਾਲ ਵਿਖੇ ੨੧ ਤੋਂ ੨੫ ਅਪ੍ਰੈਲ ਤਕ "ਨਾਮ ਬਾਣੀ ਸਾਧਨਾ ਕੈਂਪ" ਲਾਇਆ ਗਿਆ, ਜਿਸ ਦਾ ਮੁਖ ਮੰਤਵ ਨਾਮ ਬਾਣੀ ਦੀ ਸਾਧਨਾ ਦੁਆਰਾ ਤਨ ਤੇ ਮਨ ਦੇ ਰੋਗਾਂ ਦਾ ਇਲਾਜ ਕਰਨਾ ਸੀ।

ਕੈਂਪ ਵਿਚ ਵਖ ਵਖ ਥਾਵਾਂ ਤੋਂ ਵਖ ਵਖ ਰੋਗਾਂ ਦੇ ਲਗ ਪਗ ੨੦੦ ਰੋਗੀਆਂ ਨੇ ਭਾਗ ਲਿਆ, ਜਦ ਕਿ ਅੰਦਾਜ਼ਾ ੫੦ ਕੁ ਮਰੀਜ਼ਾਂ ਦਾ ਸੀ। ਨਿਤਾਪ੍ਰਿਤਿ ੯ ਘੰਟੇ ਦਾ ਸੰਗਤੀ ਪ੍ਰੋਗਰਾਮ ਤਿੰਨ ਬੈਠਕਾਂ ਵਿਚ ਵੰਡਿਆ ਹੋਇਆ ਸੀ (ਅੰਮ੍ਰਿਤ ਵੇਲੇ ੪-੦੦ ਤੋਂ ੭-੩੦, ਦਿਨ ੯-੦੦ ਤੋਂ ੧੧-੦੦, ਸ਼ਾਮ ੩-੦੦ ਤੋਂ ੭-੩੦), ਜਿਸ ਵਿਚ ਸੰਗਤੀ ਨਾਮ-ਸਿਮਰਨ, ਗੁਰਬਾਣੀ ਦਾ ਸੰਗਤੀ ਪਾਠ ਅਤੇ ਕੀਰਤਨ ਸ਼ਾਮਲ ਸਨ। ਕੁਝ ਸੈਸ਼ਨਾਂ ਵਿਚ ਸ: ਹਰਦਿਆਲ ਸਿੰਘ ਜੀ I.A.S. ਸਕੱਤਰ ਸਿਹਤ ਪੰਜਾਬ ਨੇ ਨਾਮ-ਬਾਣੀ ਦੀ ਸਾਧਨਾ ਦੁਆਰਾ ਰੋਗ-ਨਵਿਰਤੀ ਦੇ ਨਿਜੀ ਤਜਰਬੇ ਪ੍ਰਗਟ ਕੀਤੇ ਅਤੇ ਇਸ ਸੰਬੰਧੀ ਹੋਰ ਪੱਖਾਂ ਤੇ ਵਖਿਆਨ ਦਿਤੇ।

ਸੰਗਤਾਂ ਨੇ ਪੂਰਨ ਭਰੋਸੇ ਤੇ ਉਤਸ਼ਾਹ ਨਾਲ ਸਾਰਾ ਪ੍ਰੋਗਰਾਮ ਨਿਭਾਇਆ। ਸਭ ਨੂੰ ਸਤਿਗੁਰਾਂ ਦੀ ਮਿਹਰ ਸਦਕਾ ਖੇੜਾ ਅਤੇ ਵਿਗਾਸ ਪ੍ਰਾਪਤ ਹੋਇਆ। ਸਤਿਗੁਰਾਂ ਦੀ ਅਪਾਰ ਬਖਸ਼ਸ਼ ਦੁਆਰਾ ਤਜਰਬਾ ਸਫਲ ਰਿਹਾ ਅਤੇ ਇਹੋ ਜਿਹੇ ਕੈਂਪ ਥਾਉਂ ਥਾਈਂ ਲਾਉਣ ਦੀ ਮੰਗ ਬਹੁਤ ਸੰਗਤਾਂ ਵਲੋਂ ਕੀਤੀ ਗਈ।



www.AKJ.Org

# 'ਸੂਰਾ' ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਅਠ ਪਾਠਕਾਂ ਵਲੋਂ ਡੇਢ ਡੇਢ ਸੌ ਰੁਪਏ ਪੁਜੇ ਹਨ। ਸਭ ਦੀ ਸਾਂਝੀ ਐਫ-ਡੀ ਦਾ ਨੰਬਰ ਇਸ ਪ੍ਰਕਾਰ ਹੈ:—੩੪੬੫੫੬/੨੬੬/੮੩ ਮਿਤੀ ੨੬-੪-੮੩; ਰਕਮ ੧੨੦੦ ਰੁਪਏ।

ਸ: ਕੁਲਦੀਪ ਸਿੰਘ ਅਲ.ਖੇਲ ਵਾਲੇ ਚਿਟ ਨੰਬਰ ੬੧੨੬, ਸ: ਜੋਗਿੰਦਰ ਸਿੰਘ ਖਾਲਸਾ ਜੱਬਲਪੁਰ ੬੧੨੭, ਗੁ: ਨਾਨਕ ਦਰਬਾਰ ਨਾਗਪੁਰ ੬੧੨੮, ਗਿ: ਭਾਗ ਸਿੰਘ ਕੈਸ਼ੀਅਰ ਫ਼ਿਰੋਜ਼ਪੁਰ ੬੧੨੯, ਸ: ਸੰਤਾ ਸਿੰਘ ਭੰਡਾ ਲੁਬਾਣਾ ੬੧੩੦, ਸ: ਜੁਗਿੰਦਰ ਸਿੰਘ ਨੈਨੇਕੋਟ ੬੧੩੧, ਗੁਰਦਵਾਰਾ ਸਾਹਿਬ ਉਪਲ ਖੇੜੀ ੬੧੩੨, ਗੁਰਦਵਾਰਾ ਏਅਰ ਫੋਰਸ ਤੇਜਪੁਰ ੬੧੩੩।

**ਨੋਟ**—ਸੂਰਾ ਦੇ ਉਹ ਨਵੇਂ ਅਮਾਨਤੀ ਲਾਈਫ਼ ਮੈਂਬਰ, ਜਿਨ੍ਹਾਂ ਨੂੰ ਪੁਰਾਣੀਆਂ ਸੌ ਸੌ ਰੁਪਏ ਦੀਆਂ ਐਫ਼. ਡੀਆਂ ਦੇ ਨੰਬਰ ਅਤੇ ਚਿਟ ਨੰਬਰ ਹੇਠ ਲਿਖੇ ਦਿਤੇ ਗਏ ਹਨ। ਇਨ੍ਹਾਂ ਪੰਜ ਮੈਂਬਰਾਂ ਵਲੋਂ ਪੁਜੇ ਬਾਕੀ ਪੰਜਾਹ ਪੰਜਾਹ ਰੁਪਏ, ਇਸ ਮਹੀਨੇ ਪੁਰਾਣੇ ਅਮਾਨਤੀ ਲਾਈਫ਼ ਮੈਂਬਰਾਂ ਵਲੋਂ ਪੰਜਾਹ ਪੰਜਾਹ ਰੁਪਿਆਂ ਦੇ ਨਾਲ ਹੀ ਸਾਂਝੀ ਐਫ਼. ਡੀ. ਵਿਚ ਸ਼ਾਮਲ ਕਰ ਦਿਤੇ ਗਏ ਹਨ।

| | | | |
|---|---|---|---|
| ੧. ਸ: ਆਤਮਾ ਸਿੰਘ ਗੁਨਿਆਨਾ ਮੰਡੀ | ਚਿਟ ਨੰ. ੩੧੪੬ | ਐਫ਼.ਡੀ.ਨੰਬਰ ੭੫੧੮੨੫/੧੧੨੯/੮੧ | ਮਿਤੀ ੨੭-੯-੮੧ |
| ੨. ਗੁਰਦਵਾਰਾ ਦਮਦਮਾ ਸਾਹਿਬ ਧੌਬੜੀ | ਚਿਟ ਨੰ. ੩੩੧੬ ,, | ,, ੩੪੬੧੩੨/੪੪/੮੩ | ਮਿਤੀ ੧੯-੧-੮੩ |
| ੩. ਸ: ਹਰਜੀਤ ਸਿੰਘ ਖਾਲਸਾ ਜਬਲਪੁਰ | ਚਿਟ ਨੰ: ੩੪੧੯ ,, | ,, ੮੦੫੦੪੬/੯੬੬/੭੮ | ਮਿਤੀ ੨੦-੯-੭੮ |
| ੪. ਸ: ਹਰਦਿਤ ਸਿੰਘ T. T. E. ਹਿਸਾਰ | ਚਿਟ ਨੰ: ੩੫੪੨ ,, | ,, ੯੮੬੩੧੦/੭੫੯/੭੯ | ਮਿਤੀ ੨੩-੯-੭੯ |
| ੫. ਗੁਰਦਵਾਰਾ ਹੈਡਕੁਆਟਰ ਯੂ.ਪੀ: ਏਰੀਆ ਬਰੇਲੀਡਾ: ੩੭੯੨ ,, | | ,, ੧੭੦੯੮੯/੨੯੩/੮੧ | ਮਿਤੀ ੨੬-੩-੮੧ |

# 'ਸੂਰਾ' ਦੇ ਪੁਰਾਣੇ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ੬੩ ਪੁਰਾਣੇ ਅਤੇ ੫ ਨਵੇਂ ਅਮਾਨਤੀ ਲਾਈਫ਼ ਮੈਂਬਰਾਂ ਵਲੋਂ ਪੰਜਾਹ ਪੰਜਾਹ ਰੁਪਏ ਵਧੇ ਹੋਏ ਰੇਟਾਂ ਅਨੁਸਾਰ ਪੁਜੇ ਹਨ। ਸਭ ਦੀ ਸਾਂਝੀ ਐਫ਼. ਡੀ. ਬੈਂਕ ਵਿਚੋਂ ਬਣਾਈ ਗਈ ਦਾ ਨੰਬਰ ਇਹ ਹੈ—੩੪੬੫੫੫/੨੬੫/੮੩ ਮਿਤੀ ੨੬-੪-੮੩, ਰਕਮ ੩੪੦੦/—ਰੁਪਏ।

ਪ੍ਰੋ: ਉਦੈ ਸਿੰਘ ਚਿਟ ਨੰ: ੩੦੦੨, ਸ: ਹੁਕਮ ਸਿੰਘ ੩੦੧੧, ਸ: ਸੁੰਦਰ ਸਿੰਘ ਅਨੰਦ ੩੦੧੫, ਸੂਬੇਦਾਰ ਦੇਵਲ ਸਿੰਘ ੩੦੩੯, ਸ: ਸੁਰਿੰਦਰ ਸਿੰਘ ੩੮੯੦, ਸ੍ਰੀਮਤੀ ਦਲੀਪ ਕੌਰ ੩੦੯੪, ਸ: ਹਰਕੇਵਲ ਸਿੰਘ ੩੦੯੫, ਬੀਬੀ ਪਿਆਰ ਕੌਰ ੩੧੧੧, ਸੂਬੇਦਾਰ ਅਮਰੀਕ ਸਿੰਘ ਕਾਹਲੋਂ ੩੧੨੧, ਪੰਜਾਬ ਕੋਲ ਫ਼ੈਕਟਰੀ ੩੧੩੯, ਸ: ਆਤਮਾ ਸਿੰਘ ੩੧੪੬, ਸੂਬੇਦਾਰ ਗੁਰਮੇਲ ਸਿੰਘ ੩੧੬੧, ਸ: ਲਾਭ ਸਿੰਘ ਮਾਨ ਸਿੰਘ ੩੧੬੪, ਸ: ਜਸਬੀਰ ਸਿੰਘ ਕੋਹਲੀ ੩੧੯੩, ਸ: ਅਵਤਾਰ ਸਿੰਘ ੩੧੯੪, ਸਕੱਤਰ ਆਈ. ਏ. ਟੀ. ਗੁਰਦਵਾਰਾ ੩੨੧੧, ਭਾਈ ਜਗਤ ਸਿੰਘ ਗਰੇਵਾਲ ੩੨੨੭, ਸ: ਪ੍ਰੇਮ ਸਿੰਘ ੩੨੩੫, ਸ: ਦਵਿੰਦਰ ਸਿੰਘ ਮੋਗਾ ੩੨੪੪, ਡਾ: ਇੰਦਰਜੀਤ ਸਿੰਘ ੩੨੬੪, ਪ੍ਰਿੰਸੀਪਲ ਲਖਦੇਵ ਸਿੰਘ ੩੨੮੪, ਸ: ਗੁਰਿੰਦਰ ਸਿੰਘ ਭੁਲਾ ੩੩੦੨, ਸ: ਸੁਖਦੇਵ ਸਿੰਘ ਗੁਜਰਾਲ ੩੩੦੬, ਗੁਰਦੁਆਰਾ ਦਮਦਮਾ ਸਾਹਿਬ ਧੌਬੜੀ ੩੩੧੬, ਭਾਈ ਦਲਜਿੰਦਰ ਸਿੰਘ ੩੩੧੯, ਸ: ਹਰਬੰਸ ਸਿੰਘ ੩੩੨੪, ਸ: ਗੁਰਦੇਵ ਸਿੰਘ ਖਾਲਸਾ ੩੩੨੬, ਸ: ਹਿੰਮਤ ਸਿੰਘ ੩੩੮੮, ਭਾਈ ਕਸ਼ਮੀਰਾ ਸਿੰਘ ੩੩੯੪, ਸ: ਕੁਲਦੀਪ ਸਿੰਘ ੩੪੧੨, ਸ: ਨਿਰੰਜਨ ਸਿੰਘ ੩੪੧੫, ਦਰਸ਼ਨ ਸਿੰਘ ੩੪੧੭, ਸ: ਹਰਜੀਤ ਸਿੰਘ ਖਾਲਸਾ ੩੪੧੯, ਸ: ਚਰਨਜੀਤ ਸਿੰਘ ੩੪੨੧, ਸ: ਸੁਰਿੰਦਰਸਿੰਘ ੩੪੨੩, ਸ: ਮਹਿੰਦਰ ਸਿੰਘ ੩੪੬੩, ਸ: ਹਰਭਜਨਸਿੰਘ ੩੪੮੯, ਸ: ਅਵਤਾਰ ਸਿੰਘ ੩੫੦੯, ਬੀਬੀ ਤ੍ਰਿਲੋਚਨ ਕੌਰ ੩੫੧੨, ਬੀ. ਐਸ. ਵਗਮਾਨੀ ੩੫੧੮, ਸ: ਅਮਰਜੀਤ ਸਿੰਘ ਖਾਲਸਾ ੩੫੨੩, ਸ: ਜੋਗਿੰਦਰਸਿੰਘ ਖਾਲਸਾ ੩੫੨੮, ਸ: ਹਰਦਿਤ ਸਿੰਘ T. T. E. ੩੫੪੨, ਬਾਬਾ ਆਇਆ ਸਿੰਘ ਰਿਆੜਕੀ ਗਰਲਜ਼ ਕਾਲਜ ੩੫੪੬, ਸ: ਹਰਚਰਨਜੀਤਸਿੰਘ ੩੫੬੬, ਸ. ਸੁਰਿੰਦਰਸਿੰਘ ੩੫੯੩, ਸ: ਮਨਮੋਹਨਸਿੰਘ ਖੁਰਾਣਾ ੩੬੩੯ ਸ: ਜਤਿੰਦਰਜੀਤ ਸਿੰਘ ੩੬੫੫, ਸ ਪੀ.ਪੀ.ਸਿੰਘ ੩੬੫੬, ਸ: ਸੁਰਜੀਤਸਿੰਘ ੩੬੫੯, ਸ: ਮਹਿੰਦਰਸਿੰਘ ਚੀਫ ਅਕਾਊਂਟ ਅਫ਼ਸਰ ੩੬੬੩, ਸ: ਬਲਦੇਵਸਿੰਘਗਰੇਵਾਲ ੩੬੯੪, ਸ. ਪ੍ਰੀਤਮਸਿੰਘ ੩੭੧੪, ਸ: ਮਦਨਮੋਹਨ ਸਿੰਘ ਦਲਜੀਤਸਿੰਘ ੩੭੧੫, ਸ: ਰਣਜੀਤ ਸਿੰਘ ੩੭੪੨, ਸ: ਮੋਹਨ ਸਿੰਘ ਐਡਵੋਕੇਟ ੩੭੬੨, ਗੁਰਦਵਾਰਾ ਸਾਹਿਬ ਅਸ਼ਵਥ ਨਗਰ ੩੭੮੬, ਸ: ਹਰਨਾਮ ਸਿੰਘ ਵਧਵਾ ੩੭੮੯, ਗੁਰਦਵਾਰਾ ਹੈਡ ਕੁਆਟਰ ਯੂ. ਪੀ. ਏਰੀਆ ੩੭੯੨, ਸ: ਇਕਬਾਲ ੩੭੯੩, ਸ: ਕੁਲਬੀਰ ਸਿੰਘ ਵੋਹਰਾ ੩੮੨੪, ਸ: ਦਵਿੰਦਰ ਸਿੰਘ ਗੁਲਾਟੀ ੩੮੩੦, ਸ: ਕਿਰਪਾਲ ਸਿੰਘ ੩੮੩੫, ਸ: ਹਰਦਿਆਲ ਸਿੰਘ ੩੮੫੩, ਸ: ਗਜਿੰਦਰ ਸਿੰਘ ੩੮੮੫, ਸ: ਕੇਹਰ ਸਿੰਘ ੩੮੮੭, ਸ. ਸੁਰਜੀਤ ਸਿੰਘ ੩੮੯੫, ਸ: ਸੰਤੋਖ ਸਿੰਘ ੩੯੦੭।

www.AKJ.Org

## ਜਮਾਲਪੁਰ ਕਲੋਨੀ, ਸੁ...ਦੇਵ ਨਗਰ, ਲੁਧਿਆਣਾ ਵਿਖੇ ਰੈਣ ਸਬਾਈ ਕੀਰਤਨ

ਭਾਈ ਅਜਿੰਦਰ ਪਾਲ ਸਿੰਘ ਜੀ ਸੂਚਨਾ ਦਿੰਦੇ ਹਨ ਕਿ ੧੪ ਮਈ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਲੋਕਲ ਅੱਡੇ ਤੋਂ ਬਸ ਨੰਬਰ ੨ ਕਾਲੋਨੀ ਲਈ ਮਿਲਦੀ ਹੈ। ਪੁਛ ਗਿਛ—HL—੩੭੬ ਹਾਊਸਿੰਗ ਕਾਲੋਨੀ।

## ਪਿੰਡ ਜੰਡਿਆਲੀ (ਚੰਗੀਗੜ੍ਹ ਰੋਡ) ਗੁ: ਮੰਜੀ ਸਾਹਿਬ ਵਿਖੇ ਰੈਣ ਸਬਾਈ ਕੀਰਤਨ

ਭਾਈ ਸੰਤੋਖ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਚੰਡੀਗੜ੍ਹ ਤੇ ਦੁਰਾਹਾ ਦੀਆਂ ਸੰਗਤਾਂ ਵਲੋਂ ਪਿੰਡ ਜੰਡਿਆਲੀ (ਲੁਧਿਆਣਾ ਤੋਂ ੧੧ ਕਿਲੋ ਮੀਟਰ) ੪ ਜੂਨ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਏ ਜੁੜੋ ਜੀ।

## ਪਿੰਡ ਚੇੜੀਆਂ (ਰੋਪੜ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਭਗਵੰਤ ਸਿੰਘ ਜੀ ਸੂਚਨਾ ਦੇਂਦੇ ਹਨ ਕਿ ਉਨ੍ਹਾਂ ਦੇ ਪਿਤਾ ਜੀ ਦੀ ਯਾਦ ਵਿਚ ੨੮ ਮਈ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਇਹ ਪਿੰਡ ਕੁਰਾਲੀ ਤੋਂ ਰੋਪੜ ਜਾਣ ਵਾਲੀ ਸੜਕ ਤੋਂ ੭ ਮੀਟਰ ਹੈ। ਦਰਸ਼ਨ ਦੀਦਾਰੇ ਬਖਸ਼ੋ ਜੀ।

## ਸਰਸਾਵਾ (ਸਹਾਰਨਪੁਰ) ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਹਰਨਾਮ ਸਿੰਘ ਜੀ ਫਲਾਂ ਵਾਲੇ ਸੂਚਨਾ ਦਿੰਦੇ ਹਨ ਕਿ ਸਰਸਾਵਾ ਵਿਖੇ ੨੮ ਮਈ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ੧੧ ਵਜੇ ਤਕ ਕੀਰਤਨ ਹੋਣਗੇ। ਜਗਾਧਰੀ ਤੇ ਸਹਾਰਨਪੁਰ ਦੇ ਦਰਮਿਆਨ ਸਰਸਾਵਾ ਰੇਲਵੇ ਸਟੇਸ਼ਨ ਹੈ। ਅੰਬਾਲਾ ਛਾ: ਤੋਂ ੪ ਅਤੇ ੬ ਵਜੇ ਪਸੰਜਰ ਗਡੀਆਂ ਮਿਲਦੀਆਂ ਹਨ।

## ਗੁ: ਬਾਬਾ ਫਰੀਦ ਫਰੀਦਕੋਟ ਵਿਖੇ ਸ੍ਰੀ ਅਖੰਡਪਾਠ, ਰੈਣਸਬਾਈ ਤੇ ਅੰਮ੍ਰਿਤ ਸਿੰਚਾਰ

ਭਾਈ ਤੀਰਥ ਸਿੰਘ ਅਖੰਡ ਕੀਰਤਨੀ ਜਥਾ ਫਰੀਦਕੋਟ ਸੂਚਨਾ ਦਿੰਦੇ ਹਨ ਕਿ ੭ ਮਈ ਸ਼ਨੀਵਾਰ ਸਵੇਰੇ ਅਖੰਡਪਾਠ ਦੇ ਭੋਗ ਪੈਣਗੇ ਤੇ ਦੁਪਹਿਰ ੧੨ ਵਜੇ ਤਕ ਕੀਰਤਨ ਹੋਣਗੇ। ਰੈਣਸਬਾਈ ਤੇ ਅੰਮ੍ਰਿਤ-ਸਿੰਚਾਰ ਹੋਵੇਗਾ।

## ਪਿੰਡ ਰਾਏਪੁਰ ਵਿਖੇ ਸ੍ਰੀ ਅਖੰਡਪਾਠ ਪ੍ਰੋਗਰਾਮ

ਭਾਈ ਮਹਿੰਦਰ ਸਿੰਘ ਜੀ ਨਿਹੰਗ ਸਿੰਘ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਖੇ ੩ ਤੋਂ ੫ ਜੂਨ ਤਕ ਸ੍ਰੀ ਅਖੰਡਪਾਠ ਹੋ ਰਹੇ ਹਨ। ਦਰਸ਼ਨ ਬਖਸ਼ੋ ਜੀ। ਜਲੰਧਰ-ਪਠਾਨਕੋਟ ਰੋਡ ਤੇ ਟਾਂਡਾ ਉੜਮੁੜ ਦੇ ਨੇੜੇ ਰਾਏਪੁਰ ਪਿੰਡ ਹੈ।

---

**ਰਿਸ਼ਤੇ ਨਾਤੇ**—(੧) ਚਿਠੀ ਇਸ ਪਤੇ ਤੇ ਲਿਖੋ ਫ਼ਾਰਮ ਨੰਬਰ.........C/O ਸੂਰਾ, ਮਾਈ ਸੇਵਾਂ, ਅੰਮ੍ਰਿਤਸਰ।

(੨) ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਹੀ ਚਿਠੀ ਪਤਰ ਕਰੋ।

ਫ਼ਾਰਮ ਨੰ: ੧੯੪—ਇਕ ੩੨ ਸਾਲਾ ਤਿਆਰ ਬਰ ਤਿਆਰ ਅੰਮ੍ਰਿਤਧਾਰੀ ਨਿਤਨੇਮੀ ਸਿੰਘ, ਕਦ ੫'—੬"—ਬੀ.ਐਸ.ਸੀ; ਬੀ.ਐਡ. ਸਰਕਾਰੀ ਨੌਕਰੀ-ਤਨਖਾਹ ੧੦੫੦/- ਰੁਪਏ, ਪਿਤਾ ਸਟੇਸ਼ਨ ਮਾਸਟਰ ਰੀਟਾਇਰਡ, ਜ਼ਿਮੀਦਾਰ ਖ਼ਾਨਦਾਨ ਲਈ ਪੜ੍ਹੀ ਲਿਖੀ ਯੋਗ ਨਾਤੇ ਦੀ ਲੋੜ ਹੈ।

ਫਾਰਮ ਨੰ: ੧੯੫—ਇਕ ੨੬ ਸਾਲਾ ਪੰਜ ਬਾਣੀ ਨਿਤਨੇਮੀ. ਅੰਮ੍ਰਿਤਧਾਰੀ ਬੀਬੀ. ੫'-੧"—ਵਿਦਿਆ ਬੀ.ਏ. ਅਤੇ ਟੇਲਟਾਈ ਡੀਜ਼ਾਈਨਿੰਗ ਦਾ ਕੋਰਸ ਕਰਦੀ ਲਈ ਗੁਰਮੁਖ ਪ੍ਰੀਵਾਰ ਵਿਚੋਂ ਯੋਗ ਵਰ ਦੀ ਲੋੜ ਹੈ।

ਫਾਰਮ ਨੰ: ੧੯੬—ਇਕ ੨੮ ਸਾਲਾ ਅੰਮ੍ਰਿਤਧਾਰੀ ਨਿਤਨੇਮੀ ਸਿੰਘ ਕਦ ੫'-੬" ਵਿਦਿਆ B.E. (E) ਜੂਨੀਅਰ ਇੰਜੀਨੀਅਰ ਮਾਸਕ ਤਨਖਾਹ ੧੩੦੦ ਰੁਪਏ ਕੀਰਤਨੀ ਸਿੰਘ ਲਈ ਬੀ.ਏ., ਐਮ. ਏ. ਮੀਊਜ਼ਿਕ ਪਾਸ ਯੋਗ ਨਾਤੇ ਦੀ ਲੋੜ ਹੈ।

ਫਾਰਮ ਨੰ ੧੯੭—ਇਕ ੨੨ ਸਾਲਾ ਅੰਮ੍ਰਿਤਧਾਰੀ ਬੀਬੀ ਕਦ ੫ ਫੁਟ ਹੋਮਿਓ, ਡੀ.ਐਚ.ਐਮ, ਐਸ. ਪਾਸ.ਸਲਾਈ ਦਾ ਕੋਰਸ ਕੀਤਾ ਹੋਇਆ, ਲਈ ਯੋਗ ਵਰ ਦੀ ਲੋੜ ਹੈ।

ਫਾਰਮ ਨੰ: ੧੯੮—ਇਕ ੨੪ ਸਾਲਾ ਅੰਮ੍ਰਿਤਧਾਰੀ ਬੀਬੀ, ਕਦ ੫'-੩" ਐਮ. ਏ. ਹਿਸਟਰੀ—ਪਬਲਿਕ ਸਕੂਲ ਵਿਚ ਟੀਚਰ, ਲਈ ਜ਼ਿਮੀਦਾਰ ਖਾਨਦਾਨ ਵਿਚ ਆਫੀਸਰ ਰੈਂਕ ਦੇ ਯੋਗ ਵਰ ਦੀ ਲੋੜ ਹੈ। ਬਦੇਸ਼ਵਾਸੀ ਨੂੰ ਪਹਿਲ ਹੋਵੇਗੀ।

ਫਾਰਮ ਨੰ: ੧੯੯—ਇਕ ਸਾਢੇ ਇੱਕੀ ਸਾਲਾ ਅੰਮ੍ਰਿਤਸਾਰੀ ਬੀਬੀ-ਕਦ ੫'-੪"-ਬੀ.ਏ. ਪਾਸ ਲਈ ਜ਼ਿਮੀਦਾਰ ਘਰਾਣੇ ਵਿਚੋਂ ਘਟੋ ਘਟ ਬੀ. ਏ. ਪਾਸ ਨੌਕਰੀ ਕਰਦੇ ਵਰ ਦੀ ਲੋੜ ਹੈ।

www.AKJ.Org

# ਪੰਚਮ ਪਾਤਸ਼ਾਹ ਜੀ ਦਾ ਸ਼ਹੀਦੀ ਗੁਰਪੁਰਬ ਹੁਸ਼ਿਆਰਪੁਰ ਵਿਖੇ

੧੦ ਜੂਨ ਤੋਂ ੧੫ ਜੂਨ ਸਵੇਰ ਤਕ—ਪ੍ਰੋਗਰਾਮ ਆਉਂਦੇ ਪਰਚੇ ਵਿਚ

## ਸ੍ਰੀ ਪਾਉਂਟਾ ਸਾਹਿਬ ਵਿਖੇ ੧੩ ਤੋਂ ੧੫ ਮਈ ਐਤਵਾਰ ਸਵੇਰ ੬ ਵਜੇ ਤਕ ਕੀਰਤਨ ਸਮਾਗਮ

ਭਾਈ ਸਾਹਿਬ ਮੇਹਰ ਸਿੰਘ ਜੀ ਦਿਲੀ ਸੂਚਨਾ ਦਿੰਦੇ ਹਨ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪਵਿਤਰ ਅਸਥਾਨ ਤੇ ਨਾਮ ਬਾਣੀ ਵਿਚ ਜੁੜਨ ਲਈ ਕੀਰਤਨ-ਸਮਾਗਮ ਹੇਠ ਲਿਖੇ ਅਨੁਸਾਰ ਹੋ ਰਹੇ ਹਨ। ਲਾਹੇ ਪ੍ਰਾਪਤ ਕਰਨ ਲਈ ਅਤੇ ਸ੍ਰੀ ਪਾਉਂਟਾ ਸਾਹਿਬ ਦੇ ਦਰਸ਼ਨ-ਦੀਦਾਰਿਆਂ ਲਈ ਹੁਮ-ਹੁਮਾ ਕੇ ਆਇ ਦੀਦਾਰ ਬਖਸ਼ੋ ਜੀ।

| | | |
|---|---|---|
| ੧੩ ਮਈ ਸ਼ੁਕਰਵਾਰ ਸਵੇਰੇ | ਆਸਾ ਦੀ ਵਾਰ | ਦਰਬਾਰ ਸ੍ਰੀ ਪਾਉਂਟਾ ਸਾਹਿਬ ਵਿਖੇ |
| | ਸ਼ਾਮ ਸੋਦਰ ਦੀ ਚੌਕੀ ਤੇ ਅਖੰਡ ਕੀਰਤਨ | ,, ,, ,, ,, |
| ੧੪ ਮਈ ਸ਼ਨੀਵਾਰ ਸਵੇਰੇ | ਆਸਾ ਦੀ ਵਾਰ | ਗੁਰਦਵਾਰਾ ਨਿਹਾਲ ਗੜ੍ਹ, ਸ਼ੇਰ ਸ਼ਾਹ ਸਾਹਿਬ |
| ਸ਼ਾਮ | ਸੋਦਰ ਦੀ ਚੌਕੀ ਉਪਰੰਤ ਰੈਣ ਸਬਾਈ ਕੀਰਤਨ | ਦਰਬਾਰ ਸ੍ਰੀ ਪਾਉਂਟਾ ਸਾਹਿਬ |

ਨੋਟ: (੧) ਬਿਸਤਰੇ ਲੋੜ ਅਨੁਸਾਰ ਜ਼ਰੂਰ ਲਿਆਓ ਜੀ। (੨) ਲੰਗਰ ਰਿਹਾਇਸ਼ ਗੁਰਦਵਾਰਾ ਪਾਉਂਟਾ ਸਾਹਿਬ

ਪੁਛ ਗਿਛ—ਭਾਈ ਦਲੀਪ ਸਿੰਘ, ਸਿੰਘ ਬਰਤਨ ਭੰਡਾਰ, ਪਾਉਂਟਾ ਸਾਹਿਬ

## ਸਹਾਰਨਪੁਰ (ਖੁਰਾਨਾ ਬਿਲਡਿੰਗ) ਵਿਖੇ ਰੈਣ ਸਬਾਈ ਕੀਰਤਨ

੨੮ ਮਈ ੧੯੮੩ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਦੂਜੇ ਪ੍ਰਾਂਤਾਂ ਚੋਂ ਵੀ ਕੀਰਤਨੀ ਜਥੇ ਪੁਜ ਰਹੇ ਹਨ। ਦਾਸਰਾ—ਸਰਦੂਲ ਸਿੰਘ, ਖੁਰਾਨਾ ਬਿਲਡਿੰਗ, ਨੇੜੇ ਕੋਠੀ ਸਕੱਤਰ ਸ: ਹਰਨਾਮ ਸਿੰਘ, ਅੰਬਾਲਾ ਰੋਡ, ਸਹਾਰਨਪੁਰ

## ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ ਸ੍ਰੀ ਅੰਮ੍ਰਿਤਸਰ

੧੯੭੮ ਵੈਸਾਖੀ ਦੇ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ ੨੧ ਮਈ ਸ਼ਨੀਵਾਰ ਰਾਤ ਨੂੰ ਗੁ: ਮੰਜੀ ਸਾਹਿਬ ਦੀਵਾਨ ਅਸਥਾਨ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

## ਬਸੀ ਪਠਾਣਾਂ ਜ਼ਿਲਾ ਪਟਿਆਲਾ (ਲਾਲ ਗੁਰਦੁਆਰਾ) ਵਿਖੇ ਰੈਣ ਸਬਾਈ ਕੀਰਤਨ

ਭਾਈ ਜਸਵੰਤ ਸਿੰਘ ਜੀ ਸੂਚਨਾ ਦਿੰਦੇ ਹਨ ਕਿ ੧੫ ਮਈ ਐਤਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਪਾਸ ਜੋਦੜੀ ਹੈ ਕਿ ਦਰਸ਼ਨ ਦੇ ਕੇ ਨਿਵਾਜੋ ਜੀ।

## ਪਿੰਡ ਘਣਗਸ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਸੂਚਨਾ ਦਿੰਦੇ ਹਨ ਕਿ ੨੧ ਮਈ ਸ਼ਨੀਵਾਰ ਦੀ ਰਾਤ ਭਾਈ ਧਰਮ ਸਿੰਘ ਦੇ ਗ੍ਰਿਹ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹੋ। ਆਇ ਜੁੜੋ ਜੀ।

## ਪਿੰਡ ਬੁਲ੍ਹੋਵਾਲ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ

ਭਾਈ ਮੋਹਨ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਪਿੰਡ ਵਿਖੇ ੨੨ ਮਈ ਐਤਵਾਰ ਸਵੇਰੇ ਅਖੰਡਪਾਠ ਦੇ ਭੋਗ ਪੈਣਗੇ ਉਪਰੰਤ ੨ ਵਜੇ ਤਕ ਅਖੰਡ ਕੀਰਤਨ ਹੋਣਗੇ। ਬੁਲ੍ਹੋਵਾਲ, ਟਾਂਡਾ-ਹੁਸ਼ਿਆਰਪੁਰ ਰੋਡ ਤੇ ਦਰਮਿਆਨ ਵਿਚ ਬਸ-ਅੱਡਾ ਹੈ।

## ਬਠਿੰਡਾ ਵਿਖੇ ਸ੍ਰੀ ਅਖੰਡਪਾਠ, ਕੀਰਤਨ ਤੇ ਅੰਮ੍ਰਿਤ-ਸਿੰਚਾਰ ਸਮਾਗਮ

ਬਠਿੰਡਾ ਅਖੰਡ ਕੀਰਤਨੀ ਜਥੇ ਵਲੋਂ ਗੁਰਦਵਾਰਾ ਹਾਜੀ ਰਤਨ ਵਿਖੇ ੧੨ ਮਈ ਸਵੇਰੇ ਸ੍ਰੀ ਅਖੰਡਪਾਠ ਅਰੰਭ ਹੋਣਗੇ, ਸ਼ਾਮ ੬ ਤੋਂ ੧੦ ਕਿਲ੍ਹਾ ਮੁਬਾਰਕ ਵਿਖੇ, ੧੩ ਮਈ ਸਵੇਰੇ ੫ ਤੋਂ ੧੧ ਗੁਰਦਵਾਰਾ ਮਾਡਲ ਟਾਊਨ ਸ਼ਾਮ ੬ ਤੋਂ ੧੦ ਥਰਮਲ ਪਲਾਂਟ ਗੁਰਦਵਾਰਾ ਕਲੋਨੀ, ੧੪ ਮਈ ਸਵੇਰੇ ਗੁ: ਹਾਜੀ ਰਤਨ ਵਿਖੇ ੫ ਤੋਂ ੧੧, ਸ਼ਨੀਵਾਰ ੧੪ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਗੁਰਦਵਾਰਾ ਹਾਜੀ ਰਤਨ ਵਿਖੇ ਹੋਣਗੇ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

## ਬੁਲੰਦਪੁਰ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਮਨਜੀਤ ਸਿੰਘ (ਇੰਗਲੈਂਡ ਵਾਲੇ) ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਪਿੰਡ ਬੁਲੰਦਪੁਰ ਡਾਕਖਾਨਾ ਨੂਰਪੁਰ ਜੋ ਕਿ ਟਾਂਡਾ-ਭੋਗਪੁਰ ਸੜਕ ਤੇ ਹੈ, ਵਿਖੇ ੧੪ ਮਈ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਜਲੰਧਰ ਮੇਨ ਬਸ ਅੱਡੇ ਤੋਂ, ਜਿਥੋਂ ਅਲਾਵਲਪੁਰ ਲਈ ਬਸਾਂ ਚਲਦੀਆਂ ਹਨ, ਉਥੇ ਠੀਕ ੫ ਵਜੇ ਸੰਗਤਾਂ ਲਈ ਟਰਾਲੀ ਖੜੀ ਹੋਵੇਗੀ।

www.AKJ.Org